# ਬਹੁਤ ਛੋਟੇ ਬੱਚਿਆਂ ਅਤੇ ਛੋਟੇ ਬੱਚਿਆਂ ਲਈ ਸ਼ੁਰੂਆਤੀ ਸਹਾਇਤਾ



Washington State Department of Early Learning

## 14.C ਪ ਰਿਵਾਰਕਲਾਗਤ ਬਾਰੇ ਹਿੱਸੇਦਾਰੀ ਸਬੰਧੀਸੇਧਾਂ

### 14.C.1. ਜਾਣ-ਪਛਾਣ

(a) ਅਸਮਰੱਥ ਲੋਕਾਂ ਬਾਰੇ ਸਿੱਖਿਆ ਕਾਨੂੰਨ (IDEA) ਦੇ ਹਿੱਸਾ C ਨੂੰ ਕਾਂਗ੍ਰੇਸ ਨੇ ਬਹੁਤ ਛੋਟੇ ਬੱਚਿਆਂ ਅਤੇ ਛੋਟੇ ਅਸਮਰੱਥ ਬੱਚਿਆਂ ਲਈ ਵਿਆਪਕ, ਤਾਲਮੇਲ ਵਾਲਾ, ਸੇਵਾਵਾਂ ਦਾ ਇੱਕ ਅੰਤਰ-ਏਜੰਸੀ ਸਿਸਟਮ ਬਣਾਇਆ ਹੈ। ਕਾਂਗ੍ਰੇਸ ਨੇ ਇਹ ਗੱਲ ਮੰਨੀ ਹੈ ਕਿ ਪਹਿਲਾਂ ਤੋਂ ਹੀ ਮੌਜੂਦਾ ਪ੍ਰੋਗਰਾਮ ਸਨ, ਜੋ ਇਸ ਅਬਾਦੀ ਨੂੰ ਸੇਵਾ ਦੇ ਰਹੇ ਸੀ ਅਤੇ ਹਿੱਸਾ C ਇਹਨਾਂ ਪ੍ਰੋਗਰਾਮਾਂ ਵਿਚ ਤਾਲਮੇਲ ਕਰਨ ਲਈ ਬੁਨਿਆਦੀ ਢਾਂਚਾ ਮੁਹਈਆ ਕਰਾਉਣ ਲਈ ਤਿਆਰ ਕੀਤਾ ਗਿਆ ਸੀ। ਇਸਦੇ ਨਤੀਜੇ ਵਜੋਂ, ਹਿੱਸਾ C ਲਈ ਰਕਮਾਂ ਫ਼ੈਡਰਲ, ਸਟੇਟ ਅਤੇ ਸਥਾਨਕ ਫ਼ੰਡ ਦੇ ਸ੍ਰੋਤਾਂ, ਜਿਹਨਾਂ ਵਿਚ ਸਰਕਾਰੀ ਅਤੇ ਪ੍ਰਾਈਵੇਟ ਬੀਮਾ ਸ਼ਾਮਿਲ ਹੁੰਦਾ ਹੈ, ਦੀ ਵਰਤੋਂ ਲਈ ਤਿਆਰ ਕੀਤਾ ਗਿਆ ਸੀ। ਕਿਉਂਕਿ ਸਾਰੀਆਂ ਸ਼ੁਰੂਆਤੀ ਸਾਲਸੀ ਲਾਗਤਾਂ ਨੂੰ ਘੇਰੇ ਹੇਠ ਲਿਆਉਣ ਲਈ ਕਾਫੀ ਸਰਕਾਰੀ ਫ਼ੰਡ ਨਹੀਂ ਹਨ, ਇਸ ਲਈ ਸਾਰੀਆਂ ਸ਼ੁਰੂਆਤੀ ਸਾਲਸੀ ਸੇਵਾਵਾਂ ਸਰਕਾਰੀ ਖ਼ਰਚੇ 'ਤੇ ਮੁਹਈਆ ਨਹੀਂ ਕਰਾਈਆਂ ਜਾ ਸਕਦੀਆਂ। ਪਰਿਵਾਰਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੇ ਬੱਚੇ ਦੇ ਪ੍ਰੋਗਰਾਮ ਲਈ ਮਾਲੀ ਤੌਰ ਤੇ ਹਿੱਸਾ ਪਾਉਣ। ਇਹ ਉਮੀਦ ਉਹਨਾਂ ਹਿੱਸਾ C ਦੀਆਂ ਸ਼ੁਰੂਆਤੀ ਸਾਲਸੀ ਸੇਵਾਵਾਂ, ਜੋ ESIT ਦੀਆਂ ਪਰਿਵਾਰਕ ਲਾਗਤਾਂ ਦੀ ਹਿੱਸੇਦਾਰੀ ਦੀਆਂ ਸ਼ਰਤਾਂ ਹੇਠ ਹਨ, ਲਈ ਪ੍ਰਾਈਵੇਟ ਸਿਹਤ ਸੰਭਾਲ/ਬੀਮੇ ਅਤੇ ਬੱਚਿਆਂ ਲਈ Apple Health/Medicaid ਤੱਕ ਪਹੁੰਚ ਦੇਕੇ ਪੂਰੀ ਕੀਤੀ ਜਾ ਸਕਦੀ ਹੈ।

(b) ਇਹ ਬਹੁਤ ਛੋਟੇ ਬੱਚਿਆਂ ਅਤੇ ਛੋਟੇ ਬੱਚਿਆਂ ਲਈ ਹਰ ਸਟੇਟ ਤੇ ਨਿਰਭਰ ਹੈ ਕਿ ਉਹ ਇਹਨਾਂ ਸਾਰੇ ਸ੍ਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਵੱਡੀ ਗਿਣਤੀ ਵਿਚ ਬਹੁਤ ਛੋਟੇ ਬੱਚਿਆਂ ਅਤੇ ਛੋਟੇ ਅਸਮਰੱਥ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸੇਵਾ ਦਏ। ਇਸ ਨੂੰ ਯਕੀਨੀ ਬਣਾਉਣ ਲਈ ਇਹ ਹਰ ਸਟੇਟ ਤੇ ਵੀ ਨਿਰਭਰ ਕਰਦਾ ਹੈ ਕਿ ਇਹਨਾਂ ਸ੍ਰੋਤਾਂ ਦੀ ਸ਼ੁਰੂਆਤੀ ਸਾਲਸੀ ਸੇਵਾਵਾਂ ਲਈ ਵਰਤੋਂ ਕੀਤੀ ਜਾਂਦੀ ਹੈ, ਜੋ ਬੱਚੇ ਨੂੰ ਵਿਕਾਸ ਸਬੰਧੀ ਲਾਭ ਮੁਹਈਆ ਕਰਾਉਣ ਲਈ ਕਾਫੀ ਹੈ। ESIT ਨੂੰ ਵੇਖਦਿਆਂ ਹੋਇਆਂ, ਇਸਦੀ ਵਿਆਪਕ ਯੋਗਤਾ ਕਸੌਟੀ ਬਹਾਲ ਕਰਨ ਲਈ ਫ਼ੰਡ ਦੇ ਸਾਰੇ ਉਪਲਬਧ ਸ੍ਰੋਤਾਂ, ਇਸ ਵਿਚ ਸਰਕਾਰੀ ਅਤੇ ਪ੍ਰਾਈਵੇਟ ਬੀਮਾ ਅਤੇ ਫ਼ੀਸ ਦੀ ਵਰਤੋਂ ਕਰਨੀ ਜ਼ਰੂਰੀ ਹੈ, ਸ਼ਾਮਿਲ ਹੁੰਦੀ ਹੈ।

### 14.C.2. ਆਮ ਸੇਧਾਂ

(a) 34 CFR §303.521(e)(2)(i)ਅਨੁਸਾਰ, ਮਾਤਾ-ਪਿਤਾ ਵਲੋਂ ਬੇਨਤੀ ਕੀਤੇ ਜਾਣ ਤੇ ESIT ਪ੍ਰੋਵਾਈਡਰ ਭੁਗਤਾਨਾਂ ਦੇ ਆਪਣੇ ਸਿਸਟਮ ਅਤੇ ਫ਼ੀਸ ਦੀ ਪਾੱਲਿਸੀ ਦੀ ਲਿਖਤੀ ਕਾੱਪੀ ਦੇਣਗੇ:

(1) ਵਿਅਕਤੀਗਤ ਪਰਿਵਾਰਕ ਸੇਵਾ ਪਲਾਨ (IFSP) ਦੀ ਮੀਟਿੰਗ ਵਿਚ ਸ਼ੁਰੂਆਤੀ ਸਾਲਸੀ ਸੇਵਾਵਾਂ ਦੇ ਪ੍ਰਬੰਧ ਲਈ ਸਹਿਮਤੀ ਲਈ ਜਾਂਦੀ ਹੈ; ਅਤੇ

(2) ਹਿੱਸਾ C ਸੇਵਾਵਾਂ ਲਈ ਭੁਗਤਾਨ ਕਰਨ ਵਾਸਤੇ ਸਰਕਾਰੀ ਜਾਂ ਪ੍ਰਾਈਵੇਟ ਬੀਮੇ ਦੀ ਵਰਤੋਂ ਲਈ ਸਹਿਮਤੀ।

(b) ਮਾਤਾ-ਪਿਤਾ ਵਲੋਂ ਭੁਗਤਾਨਾਂ ਦੇ ESIT ਸਿਸਟਮ ਅਤੇ ਫ਼ੀਸ ਬਾਰੇ ਪਾੱਲਿਸੀ ਮੁਹਈਆ ਕਰਾਉਣ ਅਤੇ ਮਾਤਾ-ਪਿਤਾ ਦੀ ਸਹਿਮਤੀ ਲਏ ਜਾਣ ਤੱਕ ਸਰਕਾਰੀ ਜਾਂ ਪ੍ਰਾਈਵੇਟ ਬੀਮੇ ਲਈ ਬਿਲਿੰਗ ਨਹੀਂ ਕੀਤੀ ਜਾ ਸਕਦੀ।

(c) ESIT ਪ੍ਰੋਵਾਈਡਰਾਂ ਵਲੋਂ ਅਤੇ ਜਿਹੜੇ ਪਰਿਵਾਰ ਕੋਈ ਲਾਗਤਾਂ ਨਹੀਂ ਦੇ ਸਕਦੇ, ਲਈ ਸਰਕਾਰੀ ਖ਼ਰਚਿਆਂ ਤੇ ਹੇਠਾਂ ਦਿੱਤੇ ਕਾਰਜ ਅਤੇ ਸੇਵਾਵਾਂ ਜ਼ਰੂਰ ਮੁਹਈਆ ਕਰਾਉਣੀਆਂ ਚਾਹੀਦੀਆਂ ਹਨ:

(1) ਚਾਈਲਡ ਫ਼ਾਈਂਡ34 CFR §§303.301 ਤੋਂ 303.303 ਵਿਚ ਚਾਈਲਡ ਫ਼ਾਈਂਡ ਦੀਆਂ ਸ਼ਰਤਾਂ ਲਾਗੂ ਕਰਨੀਆਂ।

(2) 34 CFR §303.320 ਅਨੁਸਾਰ ਅੰਦਾਜ਼ਾ ਅਤੇ ਮੁਲਾਂਕਣ ਅਤੇ 34 CFR §303.13(b) ਵਿਚ ਅੰਦਾਜ਼ੇ ਅਤੇ ਮੁਲਾਂਕਣ ਸਬੰਧੀ ਕਾਰਜ।

(3) 34 CFR §§303.13(b)(11) ਅਤੇ 303.33 ਵਿਚ ਪਰਿਭਾਸ਼ਤ ਕੀਤੇ ਗਏ ਅਨੁਸਾਰ ਸੇਵਾ ਦੇ ਤਾਲਮੇਲ ਸਬੰਧੀ ਸੇਵਾਵਾਂ (ਪਰਿਵਾਰਕ ਵਸੀਲਿਆਂ ਬਾਰੇ ਤਾਲਮੇਲ)।

(4) ਇਹਨਾਂ ਨਾਲ ਸਬੰਧਿਤ ਪ੍ਰਸ਼ਾਸਨੀ ਅਤੇ ਤਾਲਮੇਲ ਸਬੰਧੀ ਕਾਰਵਾਈਆਂ-

(i) 34 CFR §§303.342 ਤੋਂ 303.345 ਅਨੁਸਾਰ IFSPs ਦਾ ਵਿਕਾਸ, ਜਾਇਜ਼ਾ ਅਤੇ ਮੁਲਾਂਕਣ ਅਤੇ ਅੰਤਰਿਮ IFSP; ਅਤੇ

(ii) 34 CFR §§303.400 ਤੋਂ 303.511 ਵਿਚਲੇ ਅਮਲ ਸਬੰਧੀ ਸੁਰੱਖਿਆ ਦੇ ਉਪਾਅ ਅਤੇ 34 CFR §§303.300 ਤੋਂ 303.346 ਵਿਚਲੀਆਂ ਸ਼ੁਰੂਆਤੀ ਸਾਲਸੀ ਸੇਵਾਵਾਂ ਦੇ ਸਟੇਟਵਾਰ ਸਿਸਟਮ ਦੇ ਹੋਰ ਹਿੱਸੇ ਲਾਗੂ ਕਰਨਾ।

(d) ਸਰਕਾਰੀ ਸਿਹਤ ਸੰਭਾਲ ਕਵਰੇਜ/ਬੀਮੇ ਅਤੇ/ਜਾਂ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ ਬੀਮੇ ਦੀ ਬਿਲਿੰਗ ਤੋਂ ਪਹਿਲਾਂ, ਪਰਿਵਾਰਾਂ ਨੂੰ ਆਮਦਨ ਅਤੇ ਖ਼ਰਚੇ ਬਾਰੇ ਜਾਣਕਾਰੀ ਮੁਹਈਆ ਕਰਾਉਣ, ਨਿਜੀ ਤੌਰ ਤੇ ਪਛਾਣੀ ਜਾਣ ਵਾਲੀ ਜਾਣਕਾਰੀ ਜਾਰੀ ਕਰਨ ਲਈ ਸਹਿਮਤੀ ਅਤੇ ਸਰਕਾਰੀ ਅਤੇ/ਜਾਂ ਪ੍ਰਾਈਵੇਟ ਬੀਮਾ ਕਵਰੇਜ ਲਈ ਸਹਿਮਤੀ ਦੇਣ ਲਈ ਪੁੱਛਿਆ ਜਾਏਗਾ: ਆਮਦਨ ਅਤੇ ਖ਼ਰਚੇ ਬਾਰੇ ਜਾਣਕਾਰੀ ਨੂੰ ਪਰਿਵਾਰ ਦੀ ਭੁਗਤਾਨ ਕਰਨ ਦੀ ਸਮਰੱਥਾ ਜਾਂ ਅਸਮਰੱਥਾ ਦਾ ਨਿਰਣਾ ਕਰਨ ਲਈ ਵਰਤਿਆ ਜਾਂਦਾ ਹੈ। ਜੇ ਪਰਿਵਾਰ ਬੇਨਤੀ ਕਰਦਾ ਹੈ, ਤਾਂ ਭੁਗਤਾਨ ਕਰਨ ਦੀ ਪਰਿਵਾਰ ਦੀ ਸਮਰੱਥਾ ਜਾਂ ਅਸਮਰੱਥਾ ਦੀ ਸਥਿਤੀ ਦਾ ਸਾਲ ਵਿਚ ਘੱਟੋ-ਘੱਟ ਇੱਕ ਵਾਰੀ ਜਾਂ ਛੇਤੀ ਜਾਇਜ਼ਾ ਜ਼ਰੂਰ ਲਿਆ ਜਾਣਾ ਚਾਹੀਦਾ ਹੈ ਜਾਂ ਨਵਿਆਉਣਾ ਚਾਹੀਦਾ ਹੈ।

(e) 34 CFR§303.521(a)(4) ਅਨੁਸਾਰ(ii), ਜੇ ਇੱਕ ਪਰਿਵਾਰ "ਭੁਗਤਾਨ ਕਰਨ ਦੀ ਅਸਮਰੱਥਾ" ਦੀ ਪਰਿਭਾਸ਼ਾ ਤੇ ਪੂਰਾ ਉਤਰਦਾ ਹੈ, ਤਾਂ ਉਹਨਾਂ ਦੇ ਬੱਚੇ ਦੇ IFSP ਵਿਚ ਪਤਾ ਲਾਈਆਂ ਗਈਆਂ ਹਿੱਸਾ C ਦੀਆਂ ਸਾਰੀਆਂ ਸੇਵਾਵਾਂ ਪਰਿਵਾਰ ਨੂੰ ਬਿਲਕੁਲ ਮੁਫ਼ਤ ਮੁਹਈਆ ਕਰਾਈਆਂ ਜਾਣਗੀਆਂ। ਇਸ ਤੋਂ ਅਲਾਵਾ, ਭੁਗਤਾਨ ਕਰਨ ਦੀ ਪਰਿਵਾਰ ਦੀ ਅਸਮਰੱਥਾ ਕਰਕੇ ਹਿੱਸਾ C ਦੀਆਂ ਸੇਵਾਵਾਂ ਵਿਚ ਦੇਰੀ ਜਾਂ ਮਨ੍ਹਾ ਨਹੀਂ ਕੀਤੀਆਂ ਜਾਣਗੀਆਂ।

(f) 34 CFR §303.520(a)(2)(i)ਅਤੇ(iii) ਅਨੁਸਾਰ, ਸ਼ੁਰੂਆਤੀ ਸਾਲਸੀ ਬਾਰੇ ਪ੍ਰੋਵਾਈਡਰਾਂ ਨੂੰ ਹਿੱਸਾ C ਦੀਆਂ ਸੇਵਾਵਾਂ ਲੈਣ ਦੀ ਸ਼ਰਤ ਵਜੋਂ ਮਾਤਾ-ਪਿਤਾ ਤੋਂ ਸਰਕਾਰੀ ਲਾਭਾਂ ਜਾਂ ਬੀਮਾ ਪ੍ਰੋਗਰਾਮਾਂ ਵਿਚ ਸਾਈਨ ਅਪ ਕਰਨ ਜਾਂ ਨਾਂ ਦਰਜ ਕਰਾਉਣ ਦੀ ਲੋੜ ਨਹੀਂ ਪੈਂਦੀ ਜਾਂ ਜੇ ਉਸ ਬੱਚੇ ਜਾਂ ਮਾਤਾ-ਪਿਤਾ ਨੇ ਅਜਿਹੇ ਪ੍ਰੋਗਰਾਮ ਵਿਚ ਪਹਿਲਾਂ ਤੋਂ ਹੀ ਨਾਂ ਦਰਜ ਨਹੀਂ ਕਰਾਇਆ, ਤਾਂ ਬੱਚੇ ਜਾਂ ਮਾਤਾ-ਪਿਤਾ ਤੋਂ ਸਰਕਾਰੀ ਲਾਭਾਂ ਜਾਂ ਬੀਮੇ ਦੀ ਵਰਤੋਂ ਕਰਨ ਤੋਂ ਪਹਿਲਾਂ ਸਹਿਮਤੀ ਜ਼ਰੂਰ ਲੈਣੀ ਚਾਹੀਦੀ ਹੈ। ਜੇ ਮਾਤਾ-ਪਿਤਾ, ਬੱਚਿਆਂ ਲਈ Apple Health/Medicaid ਵਿਚ ਨਾਂ ਦਰਜ ਕਰਾਉਣ ਜਾਂ ਪਹੁੰਚ ਕਰਨ ਲਈ ਸਹਿਮਤੀ ਨਹੀਂ ਦਿੰਦੇ, ਤਾਂ ਸ਼ੁਰੂਆਤੀ ਸਾਲਸੀ ਬਾਰੇ ਪ੍ਰੋਵਾਈਡਰਾਂ ਨੂੰ IFSP ਵਿਚਲੀਆਂ ਹਿੱਸਾ C ਦੀਆਂ ਉਹ ਸ਼ੁਰੂਆਤੀ ਸਾਲਸੀ ਸੇਵਾਵਾਂ ਅਜੇ ਵੀ ਜ਼ਰੂਰ ਦੇਣੀਆਂ ਚਾਹੀਦੀਆਂ ਹਨ, ਜਿਹਨਾਂ ਲਈ ਮਾਤਾ-ਪਿਤਾ ਨੇ ਸਹਿਮਤੀ ਦਿੱਤੀ ਹੋਈ ਹੈ। ਸਹਿਮਤੀ ਦੀ ਘਾਟ ਨੂੰ, ਬੱਚਿਆਂ ਲਈ Apple Health/Medicaid ਦੀ ਵਰਤੋਂ ਲਈ ਬੱਚੇ ਜਾਂ ਪਰਿਵਾਰ ਲਈ ਇਸ ਹਿੱਸੇ ਹੇਠ ਕਿਸੇ ਵੀ ਸੇਵਾਵਾ� ਵਿਚ ਦੇਰ ਕਰਨ ਜਾਂ ਮਨ੍ਹਾ ਕਰਨ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ।

(g) 34 CFR §§303.520(a)(3)(iv) ਅਤੇ (b)(1)(ii) ਅਨੁਸਾਰ, ਸ਼ੁਰੂਆਤੀ ਸਾਲਸੀ ਬਾਰੇ ਪ੍ਰੋਵਾਈਡਰ ਲਾਗਤਾਂ ਦੀਆਂ ਆਮ ਸ਼੍ਰੇਣੀਆਂ ਦਾ ਲਿਖਤੀ ਬਿਆਨ ਮੁਹਈਆ ਕਰਨਗੇ ਕਿ ਪਰਿਵਾਰ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਦੀ ਵਰਤੋਂ ਵਜੋਂ ਖ਼ਰਚ ਕਰ ਸਕਦਾ ਹ�, ਜਿਵੇਂ:

(1) ਸਹਿ-ਭੁਗਤਾਨ, ਸਹਿ-ਬੀਮੇ, ਪ੍ਰੀਮੀਅਮਾਂ ਜਾਂ ਕਟੌਤੀਆਂ ਜਾਂ ਹੋਰ ਲੰਮੀ ਮਿਆਦ ਦੀਆਂ ਲਾਗਤਾਂ, ਜਿਵੇਂ ਬੱਚੇ, ਮਾਤਾ-ਪਿਤਾ ਜਾਂ ਬੱਚੇ ਦੇ ਪਰਿਵਾਰ ਦੇ ਮੈਂਬਰਾਂ ਲਈ ਬੀਮਾ ਪਾੱਲਿਸੀ ਹੇਠ ਸਲਾਨਾ ਜਾਂ ਉਮਰ ਭਰ ਦੀ ਸਿਹਤ ਸੰਭਾਲ ਕਵਰੇਜ/ਬੀਮੇ ਦੀ ਸੀਮਾ ਕਰਕੇ ਲਾਭ ਖੁੰਝਣਾ;

(2) ਸੰਭਾਵਨਾ ਹੈ ਕਿ ਪਰਿਵਾਰ ਦੀ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਦੀ ਵਰਤੋਂ ਦਾ ਅਸਮਰੱਥ ਬੱਚੇ, ਮਾਤਾ-ਪਿਤਾ ਜਾਂ ਪਾੱਲਿਸੀ ਹੇਠ ਆਉਣ ਵਾਲੇ ਬੱਚੇ ਦੇ ਪਰਿਵਾਰ ਦੇ ਮੈਂਬਰਾਂ ਲਈ ਸਿਹਤ ਬੀਮੇ ਦੀ ਉਪਲਬਧਤਾ ਤੇ ਮਾੜਾ ਅਸਰ ਪੈ ਸਕਦਾ ਹੈ; ਅਤੇ ਹਿੱਸਾ C ਦੀਆਂ ਸ਼ੁਰੂਆਤੀ ਸਾਲਸੀ ਸੇਵਾਵਾਂ ਲਈ ਭੁਗਤਾਨ ਕਰਨ ਲਈ ਬੀਮਾ ਪਾੱਲਿਸੀ ਦੀ ਵਰਤੋਂ ਕਰਕੇ ਸਿਹਤ ਸੰਭਾਲ ਕਵਰੇਜ/ਬੀਮਾ ਬੰਦ ਕੀਤਾ ਜਾ ਸਕਦਾ ਹੈ; ਜਾਂ

(3) ਸੰਭਾਵਨਾ ਹੈ ਕਿ ਸ਼ੁਰੂਆਤੀ ਸਾਲਸੀ ਸੇਵਾਵਾਂ ਲਈ ਭੁਗਤਾਨ ਕਰਨ ਵਾਸਤੇ ਪ੍ਰਾਈਵੇਟ ਬੀਮੇ ਦੀ ਵਰਤੋਂ ਕਰਨ ਨਾਲ ਸਿਹਤ ਸੰਭਾਲ ਕਵਰੇਜ/ਬੀਮੇ ਦੇ ਪ੍ਰੀਮੀਅਮਾਂ 'ਤੇ ਅਸਰ ਪੈ ਸਕਦਾ ਹੈ।

(h) 34 CFR§303.520(a)(2)(ii) ਅਨੁਸਾਰ, ਜੇ ਹੇਠਾਂ ਦਿੱਤਿਆਂ ਵਿਚੋਂ ਕਿਸੇ ਇੱਕ ਕਰਕੇ, ਬੱਚਿਆਂ ਲਈ Apple Health/Medicaid ਅਤੇ/ਜਾਂ ਪ੍ਰਾਈਵੇਟ ਸਿਹਤ ਕਵਰੇਜ/ਬੀਮੇ ਵਿਚ ਪਹੁੰਚ ਕਰਨੀ ਪੈਂਦੀ ਹੈ, ਤਾਂ ਸ਼ੁਰੂਆਤੀ

ਸਾਲਸੀ ਬਾਰੇ ਪ੍ਰੋਵਾਈਡਰਾਂ ਨੂੰ ਪਰਿਵਾਰ ਦੀ ਸਹਿਮਤੀ ਲੈਣੀ ਪਏਗੀ:

(1) ਉਸ ਪ੍ਰੋਗਰਾਮ ਹੇਠ, ਬੱਚੇ ਜਾਂ ਮਾਤਾ-ਪਿਤਾ ਲਈ ਉਪਲਬਧ ਉਮਰ ਭਰ ਦੀ ਕਵਰੇਜ ਜਾਂ ਕਿਸੇ ਹੋਰ ਬੀਮਾ ਲਾਭ ਵਿਚ ਕਮੀ;

(2) ਬੱਚੇ ਦੇ ਮਾਤਾ-ਪਿਤਾ ਵਲੋਂ ਸੇਵਾਵਾਂ ਲਈ ਭੁਗਤਾਨ ਕਰਨਾ, ਨਹੀਂ ਤਾਂ ਇਹਨਾਂ ਦਾ ਭੁਗਤਾਨ ਸਰਕਾਰੀ ਲਾਭਾਂ ਜਾਂ ਬੀਮਾ ਪ੍ਰੋਗਰਾਮ ਵਲੋਂ ਕੀਤਾ ਜਾਣਾ ਹੈ;

(3) ਇਸ ਕਰਕੇ ਪ੍ਰੀਮੀਅਮਾਂ ਵਿਚ ਕਿਸੇ ਵਾਧੇ ਜਾਂ ਬੱਚੇ ਜਾਂ ਮਾਤਾ-ਪਿਤਾ ਲਈ ਸਰਕਾਰੀ ਲਾਭ ਜਾਂ ਬੀਮਾ ਬੰਦ ਹੋਣਾ; ਜਾਂ

(4) ਸਿਹਤ ਸਬੰਧੀ ਕੁਲ ਖ਼ਰਚਿਆਂ ਦੇ ਅਧਾਰ ਤੇ ਘਰੇਲੂ ਅਤੇ ਭਾਈਚਾਰਕ ਅਧਾਰ ਤੇ ਛੋਟਾਂ ਲਈ ਬੱਚੇ ਜਾਂ ਬੱਚੇ ਦੇ ਮਾਤਾ-ਪਿਤਾ ਲਈ ਯੋਗਤਾ ਖੁੰਝਣ ਦਾ ਜੋਖਮ।

(i) 34 CFR §303.521(e) ਅਨੁਸਾਰ, ESIT ਪ੍ਰੋਵਾਈਡਰ, ਬੱਚਿਆਂ ਲਈ Apple Health /Medicaid ਜਾਂ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ, ਫ਼ੀਸਾਂ ਲਾਉਣ ਜਾਂ ਭੁਗਤਾਨ ਕਰਨ ਦੀ ਮਾਤਾ-ਪਿਤਾ ਦੀ ਅਸਮਰੱਥਾ ਦੇ ਸਟੇਟ ਦੇ ਨਿਰਣੇ ਦੀ ਵਰਤੋ� ਸਬੰਧੀ ਉਹਨਾਂ ਦੇ ਅਮਲ ਸਬੰਧੀ ਸੁਰੱਖਿਆ ਦੇ ਉਪਾਅ ਦੇ ਮਾਤਾ-ਪਿਤਾ ਨੂੰ ਪਹਿਲਾਂ ਤੋਂ ਲਿਖਤੀ ਨੋਟਿਸ ਦੇਣਗੇ।

(j) ਮਾਤਾ-ਪਿਤਾ ਦੇ ਇਹ ਹੱਕ ਹਨ:

(1) 34 CFR §303.431 ਅਨੁਸਾਰ ਵਿਚੋਲਗੀ ਵਿਚ ਹਿੱਸਾ ਲੈਣਾ;

(2) ਜੋ ਵੀ ਲਾਗੂ ਹੈ, 34 CFR §303.436 ਜਾਂ §303.441 ਹੇਠ ਸੁਣਵਾਈ ਦੇ ਢੁਕਵੇਂ ਅਮਲ ਦੀ ਬੇਨਤੀ ਕਰਨਾ;

(3) 34 CFR §303.434 ਹੇਠ ਸਟੇਟ ਦੀ ਸ਼ਿਕਾਇਤ ਦਾਇਰ ਕਰਨਾ; ਅਤੇ/ਜਾਂ

(4) ਮਾਲੀ ਦਾਅਵਿਆਂ ਨੂੰ ਤੇਜ਼ੀ ਨਾਲ ਹੱਲ ਕੀਤੇ ਜਾਣ ਲਈ ਸਟੇਟ ਵਲੋਂ ਕਾਇਮ ਕੀਤੇ ਗਏ ਕੋਈ ਹੋਰ ਅਮਲ।

(k) ਜਦੋਂ ਵੀ ਸ਼ੁਰੂਆਤੀ ਸਾਲਸੀ ਸੇਵਾਵਾਂ ਲਈ ਸਹਿਮਤੀ ਲਈ ਜਾਂਦੀ ਹੈ, ਉਹਨਾਂ ਨੂੰ ਭੁਗਤਾਨਾਂ ਦਾ ਸਿਸਟਮ ਅਤੇ ਫ਼ੀਸਾਂ ਸਬੰਧੀ ਪਾਲਿਸੀ ਮੁਹਈਆ ਕਰਾਉਣ ਵੇਲੇ ਪਰਿਵਾਰਾਂ ਨੂੰ ਇਹਨਾਂ ਹੱਕਾਂ ਬਾਰੇ ਦੱਸਿਆ ਜਾਣਾ ਚਾਹੀਦਾ ਹੈ।

## 14.C.3. ਬੱਚਿਆਂ ਲਈ Apple Health /Medicaid ਜਾਂ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਦੀ ਵਰਤੋਂ ਲਈ ਸੇਧਾਂ

(a) ਉਹ ਪਰਿਵਾਰ, ਜਿਹਨਾਂ ਦੇ ਬੱਚਿਆਂ ਦੇ ਨਾਂ, ਬੱਚਿਆਂ ਲਈ Apple Health /Medicaid ਵਿਚ ਦਰਜ ਕੀਤੇ ਹੋਏ ਹਨ, ਨੂੰ ਦੱਸਿਆ ਜਾਏਗਾ ਕਿ ਉਹਨਾਂ ਦੇ ਬੱਚੇ ਦੀਆ� ਹਿੱਸਾ C ਦੀਆਂ ਸ਼ੁਰੂਆਤੀ ਸਾਲਸੀ ਸੇਵਾਵਾਂ, ਪਰਿਵਾਰਕ ਲਾਗਤ ਦੀ ਹਿੱਸੇਦਾਰੀ ਹੇਠ ਹਨ, ਦੀ ਬਿਲਿੰਗ, ਬੱਚਿਆਂ ਲਈ Apple Health/Medicaid ਨੂੰ ਕੀਤੀ ਜਾਏਗੀ। ਪਰਿਵਾਰ ਨੂੰ ਬਿਲਿੰਗ ਦੇ ਉਦੇਸ਼ ਲਈ ਉਹਨਾਂ ਦੇ

ਬੱਚੇ ਦੀ ਪਛਾਣੀ ਜਾਣ ਵਾਲੀ ਜਾਣਕਾਰੀ ਜਾਰੀ ਕਰਨ ਲਈ ਉਹਨਾਂ ਦੀ ਲਿਖਤੀ ਸਹਿਮਤੀ ਲਈ ਕਿਹਾ ਜਾਏਗਾ। ਪਰਿਵਾਰ ਨੂੰ ਪਹਿਲਾਂ ਤੋਂ ਦਿੱਤੇ ਗਏ ਦਸਤਖ਼ਤਸ਼ੁਦਾ ਲਿਖਤੀ ਨੋਟਿਸ, ਸਰਕਾਰੀ ਅਤੇ/ਜਾਂ ਪ੍ਰਾਈਵੇਟ ਬੀਮੇ ਤੱਕ ਪਹੁੰਚ ਦੀ ਸਹਿਮਤੀ ਅਤੇ ਆਮਦਨ ਅਤੇ ਖ਼ਰਚੇ ਦੀ ਪੁਸ਼ਟੀ ਬਾਰੇ ਫ਼ਾਰਮ ਦੀ ਕਾੱਪੀ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ।

(b) ਉਹ ਪਰਿਵਾਰ, ਜਿਹਨਾਂ ਦੀ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮਾ ਹੈ, ਨੂੰ ਸ਼ੁਰੂਆਤੀ IFSP ਬਾਰੇ ਹਿੱਸਾ C ਸ਼ੁਰੂਆਤੀ ਸਾਲਸੀ ਸੇਵਾਵਾਂ, ਜੋ ਕਿ ਪਰਿਵਾਰਕ ਲਾਗਤ ਦੀ ਹਿੱਸੇਦਾਰੀ ਹੇਠ ਹੈ, ਦੀ ਬਿਲਿੰਗ ਲਈ ਲਿਖਤੀ ਸਹਿਮਤੀ ਮੁਹਈਆ ਕਰਾਉਣ ਲਈ ਕਿਹਾ ਜਾਏਗਾ।

(c) ਸਰਕਾਰੀ ਅਤੇ/ਜਾਂ ਪ੍ਰਾਈਵੇਟ ਬੀਮੇ ਤੱਕ ਪਹੁੰਚ ਦੀ ਸਹਿਮਤੀ, ਜੋ ਕਿ ਪਹਿਲਾਂ ਤੋਂ ਦਿੱਤੇ ਗਏ ਲਿਖਤੀ ਨੋਟਿਸ ਅਤੇ ਆਮਦਨ ਅਤੇ ਖ਼ਰਚੇ ਦੀ ਪੁਸ਼ਟੀ ਬਾਰੇ ਫ਼ਾਰਮ ਵਿਚ ਹੁੰਦੀ ਹੈ, ਵਿਚ ਲਾਗਤਾਂ ਦੀਆਂ ਆਮ ਸ਼੍ਰੇਣੀਆਂ ਦਾ ਲਿਖਤੀ ਬਿਆਨ ਜ਼ਰੂਰ ਹੋਣਾ ਚਾਹੀਦਾ ਹੈ ਕਿ ਪਰਿਵਾਰ, ਪਰਿਵਾਰਾਂ ਦੇ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ ਬੀਮੇ ਤੱਕ ਪਹੁੰਚ ਦੇਣ ਕਰਕੇ ਖ਼ਰਚ ਕਰ ਸਕਦਾ ਹੈ।

(d) ਪਰਿਵਾਰ ਨੂੰ ਪਹਿਲਾਂ ਤੋਂ ਦਿੱਤੇ ਗਏ ਦਸਤਖ਼ਤਸ਼ੁਦਾ ਲਿਖਤੀ ਨੋਟਿਸ, ਸਰਕਾਰੀ ਅਤੇ/ਜਾਂ ਪ੍ਰਾਈਵੇਟ ਬੀਮੇ ਤੱਕ ਪਹੁੰਚ ਦੀ ਸਹਿਮਤੀ ਅਤੇ ਆਮਦਨ ਅਤੇ ਖ਼ਰਚੇ ਦੀ ਪੁਸ਼ਟੀ ਬਾਰੇ ਫ਼ਾਰਮ ਦੀ ਕਾੱਪੀ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ।

(e) ਜਦੋਂ ਵੀ IFSP ਦੀਆਂ ਸੇਵਾਵਾਂ ਵਿਚ ਵਾਧਾ (ਸਮੇਂ ਦੀ ਮਿਆਦ, ਤੀਬਰਤਾ, ਲੰਮਾਈ ਜਾਂ ਮਿਆਦ) ਹੁੰਦਾ ਹੈ, ਤਾਂ ਲਿਖਤੀ ਸਹਿਮਤੀ ਵੀ ਲਈ ਜਾਏਗੀ।

(f) ਜਦੋਂ ਵੀ ਸ਼ੁਰੂਆਤੀ ਸਾਲਸੀ ਸੇਵਾਵਾਂ ਲਈ ਸਰਕਾਰੀ ਜਾਂ ਪ੍ਰਾਈਵੇਟ ਬੀਮੇ ਵਾਸਤੇ ਬਿਲਿੰਗ ਲਈ ਸਹਿਮਤੀ ਲਈ ਜਾਂਦੀ ਹੈ, ਤਾਂ ਪਰਿਵਾਰਾਂ ਨੂੰ ਭੁਗਤਾਨਾਂ ਦਾ ਸਿਸਟਮ ਅਤੇ ਫ਼ੀਸ ਸਬੰਧੀ ਪਾੱਲਿਸੀ ਮੁਹਈਆ ਕਰਾਈ ਜਾਂਦੀ ਹੈ।

(g) 34 CFR §303.521(a)(4)(iv) ਅਨੁਸਾਰ, ਸਰਕਾਰੀ ਬੀਮੇ ਜਾਂ ਲਾਭਾਂ ਵਾਲੇ ਪਰਿਵਾਰਾਂ ਤੋਂ, ਉਹਨਾਂ ਪਰਿਵਾਰਾਂ ਦੇ ਮੁਕਾਬਲੇ ਅਣਮੇਲਵੇਂ ਢੰਗ ਨਾਲ ਵਾਧੂ ਲਾਗਤਾਂ ਨਹੀਂ ਲਾਈਆਂ ਜਾਣਗੀਆਂ, ਜਿਹਨਾਂ ਨੇ ਸਰਕਾਰੀ ਬੀਮਾ ਜਾਂ ਲਾਭ ਜਾਂ ਪ੍ਰਾਈਵੇਟ ਬੀਮਾ ਨਹੀਂ ਕਰਾਇਆ ਹੋਇਆ।

(h) 34 CFR §303.520(b)(1) ਅਨੁਸਾਰ, ਜਦੋਂ ਪਰਿਵਾਰਾਂ ਕੋਲ, ਬੱਚਿਆਂ ਲਈ Apple Health/Medicaid ਅਤੇ ਪ੍ਰਾਈਵੇਟ ਬੀਮਾ ਦੋਵੇਂ ਹੁੰਦੇ ਹਨ, ਤਾਂ ਸ਼ੁਰੂਆਤੀ ਸਾਲਸੀ ਬਾਰੇ ਪ੍ਰੋਵਾਈਡਰਾਂ ਨੂੰ ਇਹਨਾਂ ਲਈ ਮਾਤਾ-ਪਿਤਾ ਦੀ ਸਹਿਮਤੀ ਜ਼ਰੂਰ ਲੈਣੀ ਚਾਹੀਦੀ ਹੈ:

(1) IFSP ਵਿਚਲੀਆਂ ਸ਼ੁਰੂਆਤੀ ਸਾਲਸੀ ਸੇਵਾਵਾਂ ਦੇ ਸ਼ੁਰੂਆਤੀ ਪ੍ਰਬੰਧ ਲਈ ਭੁਗਤਾਨ ਵਾਸਤੇ ਪਰਿਵਾਰ ਦੀ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਦੀ ਵਰਤੋਂ ਕਰਨਾ;

(2) ਬੱਚੇ ਦੇ IFSP ਵਿਚਲੀਆਂ ਸੇਵਾਵਾਂ ਦੀ ਸਮੇਂ ਦੀ ਮਿਆਦ, ਲੰਮਾਈ, ਮਿਆਦ ਜਾਂ ਤੀਬਰਤਾ ਵਿਚ ਕਿਸੇ ਵਾਧੇ ਲਈ ਭੁਗਤਾਨ ਵਾਸਤੇ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਦੀ ਵਰਤੋਂ ਕਰਨਾ।

(i) ESIT ਪ੍ਰੋਵਾਈਡਰ, ਬੱਚਿਆਂ ਲਈ Apple Health /Medicaid ਅਤੇ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ,

ਇਸ ਵਿਚ ਸਹਿ-ਭੁਗਤਾਨ, ਸਹਿ-ਬੀਮਾ ਅਤੇ ਕਟੌਤੀਆਂ ਦੀ ਬਿਲਿੰਗ, ਪਰਿਵਾਰਕ ਲਾਗਤ ਦੀ ਹਿੱਸੇਦਾਰੀ ਹੇਠ ਹਿੱਸਾ C ਸ਼ੁਰੂਆਤੀ ਸਾਲਸੀ ਸੇਵਾਵਾਂ ਲਈ ਤਿਆਰ ਕੀਤੇ ਗਏ ਬਿਲ ਲਈ ਜ਼ਿੰਮੇਵਾਰ ਹੈ।

(j) ਜੇ ਹਿੱਸਾ C ਸ਼ੁਰੂਆਤੀ ਸਾਲਸੀ ਸੇਵਾ ਪਰਿਵਾਰਕ ਲਾਗਤ ਦੀ ਹਿੱਸੇਦਾਰੀ ਹੇਠ ਹੈ, ਤਾਂ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਲਈ ਬਿਲ ਕੀਤਾ ਜਾਂਦਾ ਹੈ ਅਤੇ ਫਿਰ ਮਨ੍ਹਾ ਕਰ ਦਿੱਤਾ ਜਾਂਦਾ ਹੈ, ਤਾਂ ਪ੍ਰਵਾਣਗੀ ਲੈਣ ਲਈ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿਸ ਵੇਲੇ ਪਰਿਵਾਰ ਦੀ ਬੇਨਤੀ ਤੇ ਅਪੀਲ ਸ਼ੁਰੂ ਕੀਤੀ ਜਾਂਦੀ ਹੈ, ਤਾਂ FRC ਜਾਂ ਹੋਰ ਢੁਕਵਾਂ ਸਟਾਫ਼ ਸਹਾਇਤਾ ਮੁਹਈਆ ਕਰ ਸਕਦਾ ਹੈ। ਪਰਿਵਾਰ, ਆਪਣੇ ਬੱਚੇ ਦੇ ਵਿਅਕਤੀਗਤ ਪਰਿਵਾਰਕ ਸੇਵਾ ਪਲਾਨ (IFSP) ਵਿਚ ਸ਼ਾਮਿਲ ਕੀਤੀ ਗਈ ਪਰਿਵਾਰਕ ਲਾਗਤ ਦੀ ਹਿੱਸੇਦਾਰੀ ਹੇਠ ਹਿੱਸਾ C ਸ਼ੁਰੂਆਤੀ ਸਾਲਸੀ ਸੇਵਾਵਾਂ ਲਈ ਸਿਹਤ ਸੰਭਾਲ ਕਵਰੇਜ/ਬੀਮੇ, ਸਹਿ-ਭੁਗਤਾਨਾਂ, ਸਹਿ-ਬੀਮੇ ਅਤੇ ਕਟੌਤੀਆਂ ਲਈ ਜ਼ਿੰਮੇਵਾਰ ਹੈ, ਜਦ ਤੱਕ ਕਿ ਪਰਿਵਾਰ ਦੀ ਭੁਗਤਾਨ ਕਰਨ ਦੀ ਅਸਮਰੱਥਾ ਦੀ ਪਰਿਭਾਸ਼ਾ ਪੂਰੀ ਕਰਨ ਦਾ ਨਿਰਣਾ ਨਹੀਂ ਹੁੰਦਾ।

(k) ਜੇ ਹਿੱਸਾ C ਦੇ ਬਹੁਤ ਛੋਟੇ ਬੱਚੇ ਅਤੇ ਯੋਗ ਛੋਟੇ ਬੱਚੇ ਦੇ ਮਾਤਾ-ਪਿਤਾ ਜਾਂ ਪਰਿਵਾਰ ਆਪਣੇ ਬੱਚਿਆਂ ਲਈ Apple Health /Medicaid ਜਾਂ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਤੱਕ ਪਹੁੰਚ ਮੁਹਈਆ ਨਹੀਂ ਕਰਦਾ, ਤਾਂ ਸਹਿਮਤੀ ਦੀ ਘਾਟ ਨੂੰ ਉਸ ਬੱਚੇ ਜਾਂ ਪਰਿਵਾਰ ਲਈ ਪਰਿਵਾਰਕ ਲਾਗਤ ਦੀ ਹਿੱਸੇਦਾਰੀ ਹੇਠ ਹਿੱਸਾ C ਦੀ ਸ਼ੁਰੂਆਤੀ ਸਾਲਸੀ ਸੇਵਾ ਦੇ ਕਿਸੇ ਵੀ ਹਿੱਸੇ ਵਿਚ ਦੇਰ ਕਰਨ ਜਾਂ ਮਨ੍ਹਾ ਕਰਨ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਹਾਲਾਂਕਿ, ਸਹਿਮਤੀ ਦੀ ਘਾਟ ਨੂੰ ਮਹੀਨੇਵਾਰ ਫ਼ੀਸ ਦੇ ਪ੍ਰੋਗ੍ਰਾਮ (ਭੁਗਤਾਨਾਂ ਦਾ ਸਿਸਟਮ ਅਤੇ ਫ਼ੀਸਾਂ ਸਬੰਧੀ ਪਾੱਲਿਸੀ 28.B.9 ਫ਼ੀਸਾਂ ਵੇਖੋ) ਵਿਚ ਰਖਿਆ ਜਾਏਗਾ।

(l) ਬੀਮਾ ਕਮੀਸ਼ਨ ਦਾ ਵਾੱਸ਼ਿੰਗਟਨ ਦਫ਼ਤਰ, ਉਹਨਾਂ ਦੇ ਸਿਹਤ ਸੰਭਾਲ ਕਵਰੇਜ/ਬੀਮੇ ਬਾਰੇ ਸੁਆਲਾਂ ਵਿਚ ਮਾਤਾ-ਪਿਤਾ ਦੀ ਮਦਦ ਕਰਨ ਲਈ ਉਪਲਬਧ ਹੈ। ਟੋਲ ਫ੍ਰੀ ਹਾੱਟਲਾਈਨ 1-800- 562-6900 ਹੈ।

### 14.C.4. ਪਰਿਵਾਰਕ ਲਾਗਤ ਦੀ ਹਿੱਸੇਦਾਰੀ ਲਈ ਸੇਧਾਂ

(a) ESIT ਲਈ ਸ਼ੁਰੂਆਤੀ ਯੋਗਤਾ ਦੀ ਪੁਸ਼ਟੀ ਹੋਣ ਤੋਂ ਬਾਅਦ, ਸਾਰੇ ਪਰਿਵਾਰਾਂ ਨੂੰ ਆਮਦਨ ਅਤੇ ਖ਼ਰਚੇ ਬਾਰੇ ਜਾਣਕਾਰੀ ਮੁਹਈਆ ਕਰਨ, ਨਿਜੀ ਤੌਰ ਤੇ ਪਛਾਣੀ ਜਾਣ ਵਾਲੀ ਜਾਣਕਾਰੀ ਜਾਰੀ ਕਰਨ ਲਈ ਸਹਿਮਤੀ ਅਤੇ ਆਪਣੇ ਸਰਕਾਰੀ ਅਤੇ/ਜਾਂ ਪ੍ਰਾਈਵੇਟ ਬੀਮਾ ਕਵਰੇਜ ਤੱਕ ਪਹੁੰਚ ਲਈ ਸਹਿਮਤੀ ਮੁਹਈਆ ਕਰਾਉਣ ਲਈ ਕਿਹਾ ਜਾਏਗਾ। ਆਮਦਨ ਅਤੇ ਖ਼ਰਚੇ ਬਾਰੇ ਜਾਣਕਾਰੀ, ਹੇਠਾਂ ਦਿੱਤੀਆਂ ਸਥਿਤੀਆਂ ਹਲ ਕਰਨ ਅਤੇ ਦਸਤਾਵੇਜ਼ ਤਿਆਰ ਕਰਨ ਲਈ ਲੋੜੀਂਦੀ ਹੈ:

(1) ਜਿਸ ਵੇਲੇ ਪਰਿਵਾਰ, ਪਰਿਵਾਰਕ ਲਾਗਤ ਦੀ ਹਿੱਸੇਦਾਰੀ ਹੇਠ ਸੇਵਾਵਾਂ ਵਾਸਤੇ ਬੱਚਿਆਂ ਲਈ Apple Health /Medicaid ਤੱਕ ਪਹੁੰਚ ਦੇਣ ਤੋਂ ਮਨ੍ਹਾ ਕਰਦਾ ਹੈ;

(2) ਜਿਸ ਵੇਲੇ ਪਰਿਵਾਰ ਬੱਚਿਆਂ ਲਈ Apple Health /Medicaid ਲਈ ਅਪਲਾਈ ਕਰਨ ਤੋਂ ਮਨ੍ਹਾ ਕਰਦਾ ਹੈ;

(3) ਜਿਸ ਵੇਲੇ ਪਰਿਵਾਰ, ਪਰਿਵਾਰਕ ਲਾਗਤ ਦੀ ਹਿੱਸੇਦਾਰੀ ਹੇਠ ਸੇਵਾਵਾਂ ਵਾਸਤੇ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਤੱਕ ਪਹੁੰਚ ਦੇਣ ਤੋਂ ਮਨ੍ਹਾ ਕਰਦਾ ਹੈ;

(4) ਪ੍ਰਾਈਵੇਟ ਬੀਮੇ, ਸਹਿ-ਭੁਗਤਾਨਾਂ, ਸਹਿ-ਬੀਮੇ ਅਤੇ ਕਟੌਤੀਆਂ ਦਾ ਭੁਗਤਾਨ ਕਰਨ ਲਈ

ਸਮਰੱਥਾ ਜਾਂ ਅਸਮਰੱਥਾ ਦਾ ਨਿਰਣਾ ਕਰਨਾ; ਅਤੇ

(5) ਜਿਸ ਵੇਲੇ ਪਰਿਵਾਰ ਦਾ ਕੋਈ ਸਰਕਾਰੀ ਜਾਂ ਪ੍ਰਾਈਵੇਟ ਬੀਮਾ ਨਹੀਂ ਹੈ ਅਤੇ ਫ਼ੀਸ ਦਾ ਮੁਲਾਂਕਣ ਕੀਤਾ ਜਾਏਗਾ।

(b) ਜੇ ਆਮਦਨ ਅਤੇ ਖ਼ਰਚੇ ਬਾਰੇ ਜਾਣਕਾਰੀ ਤਾਲਮੇਲ ਬਿਠਾਈ ਗਈ ਸਲਾਨਾ ਆਮਦਨ ਦੇ ਮੁਹਈਆ ਕਰਾਏ ਗਏ ਨਤੀਜਿਆਂ ਅਨੁਸਾਰ ਫ਼ੈਡਰਲ ਗ਼ਰੀਬੀ ਪੱਧਰ (FPL) ਦੇ ਬਰਾਬਰ ਜਾਂ 200% ਤੋਂ ਵੱਧ ਹੈ, ਤਾਂ ਪਰਿਵਾਰ ਨੂੰ ਆਪਣੇ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਅਤੇ ਜੇ ਲਾਗੂ ਹੈ, ਤਾਂ ਬੱਚਿਆਂ ਲਈ Apple Health/Medicaid ਕਵਰੇਜ ਦੀ ਵਰਤੋਂ ਨਾਲ ਜੁੜੇ ਸਹਿ-ਭੁਗਤਾਨਾਂ, ਸਹਿ-ਬੀਮੇ ਜਾਂ ਕਟੌਤੀਆਂ ਦਾ ਬਿਲ ਦਿੱਤਾ ਜਾਏਗਾ।

(c) ਜੇ ਪਰਿਵਾਰ ਦੇ ਅਧਾਰ ਤੇ ਆਮਦਨ ਅਤੇ ਖ਼ਰਚੇ ਬਾਰੇ ਜਾਣਕਾਰੀ ਤਾਲਮੇਲ ਬਿਠਾਈ ਗਈ ਸਲਾਨਾ ਆਮਦਨ ਦੇ ਮੁਹਈਆ ਕਰਾਏ ਗਏ ਨਤੀਜਿਆਂ ਅਨੁਸਾਰ FPL ਦੇ 200% ਤੋਂ ਘੱਟ ਹੈ, ਤਾਂ ਪਰਿਵਾਰ ਨੂੰ ਆਪਣੇ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਅਤੇ ਜੇ ਲਾਗੂ ਹੈ, ਤਾਂ ਬੱਚਿਆਂ ਲਈ Apple Health/Medicaid ਕਵਰੇਜ ਦੀ ਵਰਤੋਂ ਨਾਲ ਜੁੜੇ ਕਿਸੇ ਵੀ ਸਹਿ-ਭੁਗਤਾਨਾਂ, ਸਹਿ-ਬੀਮੇ ਜਾਂ ਕਟੌਤੀਆਂ ਦਾ ਭੁਗਤਾਨ ਨਹੀਂ ਕਰਨਾ ਪਏਗਾ।

(d) ਸਾਰੇ ਪਰਿਵਾਰਾ� ਲਈ, ਜਿਹਨਾਂ ਨੂੰ ਸਹਿ-ਭੁਗਤਾਨਾਂ, ਸਹਿ-ਬੀਮੇ ਜਾਂ ਕਟੌਤੀਆਂ, ਹੋਰ ਏਜੰਸੀ ਫੰਡਾਂ ਦੀ ਬਿਲਿੰਗ ਕੀਤੀ ਗਈ ਹੈ, ਇਸ ਵਿਚ ਹਿੱਸਾ C ਅੰਤਮ ਹੱਲ ਵਜੋਂ ਫ਼ੰਡਾਂ ਦਾ ਭੁਗਤਾਨ ਕਰਨ ਵਾਲੇ ਵਜੋਂ ਸ਼ਾਮਿਲ ਹੁੰਦਾ ਹੈ, ਨੂੰ ਇਹਨਾਂ ਲਾਗਤਾਂ ਦੇ ਘੇਰੇ ਲਈ ਵਰਤਿਆ ਜਾ ਸਕਦਾ ਹੈ।

### 14.C.5. ਭੁਗਤਾਨ ਕਰਨ ਦੀ ਅਸਮਰੱਥਾ

(a) ਪਰਿਵਾਰ ਕਿਸੇ ਵੀ ਸਮੇਂ ਆਪਣੇ ਪਰਿਵਾਰਕ ਵਸੀਲਿਆਂ ਬਾਰੇ ਕੋਆੱਰਡੀਨੇਟਰ (FRC) ਜਾਂ ਦੂਜੇ ਢੁਕਵੇਂ ਸਟਾਫ਼ ਨੂੰ ਸਹਿ-ਭੁਗਤਾਨਾਂ, ਸਹਿ-ਬੀਮੇ ਜਾਂ ਕਟੌਤੀਆਂ ਲਈ "ਭੁਗਤਾਨ ਕਰਨ ਦੀ ਅਸਮਰੱਥਾ" ਦੀ ਬੇਨਤੀ ਕਰ ਸਕਦੇ ਹਨ। ਬੇਨਤੀ ਮਿਲਣ ਤੋਂ ਬਾਅਦ FRC ਆਮਦਨ ਅਤੇ ਖ਼ਰਚੇ ਦੀ ਪੁਸ਼ਟੀ ਬਾਰੇ ਫ਼ਾਰਮ ਭਰਨ ਵਿਚ ਪਰਿਵਾਰ ਦੀ ਮਦਦ ਕਰੇਗਾ।

(b) "ਭੁਗਤਾਨ ਕਰਨ ਦੀ ਅਸਮਰੱਥਾ" ਦਾ ਨਿਰਣਾ ਆਮਦਨ ਅਤੇ ਖ਼ਰਚੇ ਦੀ ਪੁਸ਼ਟੀ ਬਾਰੇ ਫ਼ਾਰਮ ਦੇ ਅਧਾਰ ਤੇ ਕੀਤਾ ਜਾਂਦਾ ਹੈ, ਜਿਸ ਦੀ ਸ਼ਨਾਖ਼ਤ ਸਲਾਨਾ ਪ੍ਰਵਾਣਯੋਗ ਖ਼ਰਚਿਆਂ ਨੂੰ ਵਾਪਸ ਨਾ ਲੈਣ ਵਾਲੇ ਪਰਿਵਾਰ ਵਜੋਂ ਹੋਈ ਹੈ, ਜੋ ਕਿ ਪਰਿਵਾਰ ਦੀ ਕੁਲ ਤਾਲਮੇਲ ਬਿਠਾਈ ਗਈ ਆਮਦਨ ਦੇ 10% ਤੋਂ ਵੱਧ ਹੈ।

(1) ਜੇ "ਭੁਗਤਾਨ ਕਰਨ ਦੀ ਅਸਮਰੱਥਾ" ਦਾ ਨਿਰਣਾ ਕੀਤਾ ਗਿਆ ਹੈ, ਤਾਂ ਸਹਿ-ਭੁਗਤਾਨਾਂ, ਸਹਿ-ਬੀਮੇ ਜਾਂ ਕਟੌਤੀਆਂ ਲਈ ਭੁਗਤਾਨ ਕਰਨ ਵਾਸਤੇ ਅੰਤਮ ਹਲ ਦੇ ਭੁਗਤਾਨ ਕਰਨ ਵਾਲੇ ਜਾਂ ਹੋਰ ਏਜੰਸੀ ਫ਼ੰਡਾਂ ਵਜੋਂ ਹਿੱਸਾ C ਫ਼ੰਡਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

(2) ਜੇ ਸੇਵਾ ਹੋਰ ਵਾਜਬ ਲਾਗਤ ਨਾਲ ਅਸਰਦਾਰ ਤਰੀਕੇ ਨਾਲ ਮੁਹਈਆ ਕੀਤੀ ਜਾ ਸਕਦੀ ਹੈ, ਤਾਂ ਹਿੱਸਾ C ਉਸੀ ਪ੍ਰੋਵਾਈਡਰ ਦੀ ਵਰਤੋਂ ਕਰਨ ਜਾਂ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਵਜੋਂ ਉਸੀ ਲਾਗਤ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਨਹੀਂ ਹੈ।

(c) ਪਰਿਵਾਰ ਦੀ "ਭੁਗਤਾਨ ਕਰਨ ਦੀ ਅਸਮਰੱਥਾ" ਦੀ ਸਥਿਤੀ ਦਾ ਸਾਲ ਵਿਚ ਘੱਟੋ-ਘੱਟ ਇੱਕ ਵਾਰੀ ਜਾਂ ਛੇਤੀ

ਜਾਇਜ਼ਾ ਜ਼ਰੂਰ ਲਿਆ ਜਾਣਾ ਚਾਹੀਦਾ ਹੈ ਜਾਂ ਨਵਿਆਉਣਾ ਚਾਹੀਦਾ ਹੈ।

(d) IFSP ਲਾਗੂ ਕਰਨ ਦੌਰਾਨ ਕਿਸੇ ਵੀ ਸਮੇਂ, ਜੇ ਪਰਿਵਾਰ ਦੀ “ਭੁਗਤਾਨ ਕਰਨ ਦੀ ਅਸਮਰੱਥਾ” ਬਦਲਦੀ ਹੈ, ਤਾਂ ਉਹਨਾਂ ਨੂੰ ਜਿੰਨੀ ਛੇਤੀ ਸੰਭਵ ਹੋਵੇ, FRC ਨੂੰ ਜ਼ਰੂਰ ਦੱਸਣਾ ਚਾਹੀਦਾ ਹੈ ਅਤੇ ਭੁਗਤਾਨ ਕਰਨ ਦੀ ਅਸਮਰੱਥਾ ਦਾ ਨਿਰਣਾ ਕੀਤੇ ਜਾਣ ਦੀ ਬੇਨਤੀ ਕਰ ਸਕਦਾ ਹੈ। ਸਿਹਤ ਸੰਭਾਲ ਕਵਰੇਜ/ਬੀਮੇ ਵਿਚ ਕਿਸੇ ਵੀ ਸਮੇਂ ਤਬਦੀਲੀਆਂ ਹੁੰਦੀਆਂ ਹਨ, ਪਰਿਵਾਰ ਨੂੰ ਇਹਨਾਂ ਤਬਦੀਲੀਆਂ ਬਾਰੇ ਆਪਣੇ FRC ਨਾਲ ਜ਼ਰੂਰ ਸਾਂਝਾ ਕਰਨਾ ਚਾਹੀਦਾ ਹੈ।

(e) 34 CFR§303.521(a)(4) ਅਨੁਸਾਰ(ii), ਜੇ ਇੱਕ ਪਰਿਵਾਰ "ਭੁਗਤਾਨ ਕਰਨ ਦੀ ਅਸਮਰੱਥਾ" ਦੀ ਪਰਿਭਾਸ਼ਾ ਤੇ ਪੂਰਾ ਉਤਰਦਾ ਹੈ, ਤਾਂ ਉਹਨਾਂ ਦੇ ਬੱਚੇ ਦੇ IFSP ਵਿਚ ਪਤਾ ਲਾਈਆਂ ਗਈਆਂ ਹਿੱਸਾ C ਦੀਆਂ ਸਾਰੀਆਂ ਸੇਵਾਵਾਂ ਪਰਿਵਾਰ ਨੂੰ ਬਿਲਕੁਲ ਮੁਫ਼ਤ ਮੁਹਈਆ ਕਰਾਈਆਂ ਜਾਣਗੀਆਂ। ਇਸ ਤੋਂ ਅਲਾਵਾ, ਭੁਗਤਾਨ ਕਰਨ ਦੀ ਪਰਿਵਾਰ ਦੀ ਅਸਮਰੱਥਾ ਕਰਕੇ ਹਿੱਸਾ C ਦੀਆਂ ਸੇਵਾਵਾਂ ਵਿਚ ਦੇਰੀ ਜਾਂ ਮਨ੍ਹਾ ਨਹੀਂ ਕੀਤੀਆਂ ਜਾਣਗੀਆਂ।

(f) ਜੇ ਪਰਿਵਾਰ ਦੀ ਭੁਗਤਾਨ ਕਰਨ ਦੀ ਅਸਮਰੱਥਾ ਨਹੀਂ ਬਣਦੀ, ਤਾਂ ਪਰਿਵਾਰ ਆਪਣੀ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ, ਸਹਿ-ਭੁਗਤਾਨਾਂ, ਸਹਿ-ਬੀਮੇ ਅਤੇ ਕਟੌਤੀਆਂ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਨਹੀਂ ਹੈ।

### 14.C.6. ਫ਼ੀਸਾਂ

(a) ਪਰਿਵਾਰ, ਜੋ ਪਰਿਵਾਰਕ ਲਾਗਤ ਬਾਰੇ ਹਿੱਸੇਦਾਰੀ ਹੇਠ ਸੇਵਾਵਾਂ ਲਈ ਆਪਣੇ, ਬੱਚਿਆਂ ਲਈ Apple Health/Medicaid ਜਾਂ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਤੱਕ ਪਹੁੰਚ ਲਈ ਸਹਿਮਤੀ (ਸ਼ੁਰੂ ਵਿਚ ਅਤੇ ਜਦੋਂ ਸੇਵਾਵਾਂ ਵਧ ਜਾਂਦੀਆਂ ਹਨ) ਦਿੰਦੇ ਹਨ, ਨੂੰ ਫ਼ੀਸਾਂ ਦਾ ਭੁਗਤਾਨ ਕਰਨ ਤੋਂ ਛੋਟ ਮਿਲੇਗੀ।

(b) ਪਰਿਵਾਰ, ਜਿਹਨਾਂ ਕੋਲ ਬੱਚਿਆਂ ਲਈ Apple Health/Medicaid ਕਵਰੇਜ ਹੈ, ਭੁਗਤਾਨ ਕਰਨ ਦੀ ਅਸਮਰੱਥਾ ਦੀ ਪਰਿਭਾਸ਼ਾ ਪੂਰੀ ਕਰਦੇ ਹਨ ਅਤੇ ਪਰਿਵਾਰਕ ਲਾਗਤ ਬਾਰੇ ਹਿੱਸੇਦਾਰੀ ਹੇਠ ਸੇਵਾਵਾਂ ਲਈ ਆਪਣੇ, ਬੱਚਿਆਂ ਲਈ Apple Health /Medicaid ਤੱਕ ਪਹੁੰਚ ਦੇਣ ਤੋਂ ਮਨ੍ਹਾ ਕੀਤਾ ਹੈ, ਨੂੰ ਫ਼ੀਸਾਂ ਦਾ ਭੁਗਤਾਨ ਕਰਨ ਤੋਂ ਛੋਟ ਮਿਲੇਗੀ।

(c) ਜਦੋਂ ਹੇਠਾਂ ਦਿੱਤਿਆਂ ਵਿਚੋਂ ਕੋਈ ਵੀ ਵਾਪਰਦਾ ਹੈ, ਤਾਂ ਪਰਿਵਾਰ ਦੀ ਆਮਦਨ ਅਤੇ ਖ਼ਰਚੇ ਬਾਰੇ ਜਾਣਕਾਰੀ ਨੂੰ ਮਹੀਨੇਵਾਰ ਫ਼ੀਸ ਦੇ ਪ੍ਰੋਗਰਾਮ ਵਿਚ ਰੱਖਣ ਦਾ ਨਿਰਣਾ ਕਰਨ ਲਈ ਇਸਤੇਮਾਲ ਕੀਤਾ ਜਾਏਗਾ:

(1) ਜਿਹਨਾਂ ਪਰਿਵਾਰਾਂ ਕੋਲ ਬੱਚਿਆਂ ਲਈ Apple Health/Medicaid ਨਹੀਂ ਹੈ ਅਤੇ ਜਿਹਨਾਂ ਦਾ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮਾ ਨਹੀਂ ਹੈ, ਨੂੰ ਪਰਿਵਾਰ ਦੇ ਅਕਾਰ ਅਤੇ ਤਾਲਮੇਲ ਬਿਠਾਈ ਗਈ ਸਲਾਨਾ ਆਮਦਨ ਦੇ ਅਧਾਰ ਤੇ ਉਸ ਨੂੰ ਮਹੀਨੇਵਾਰ ਫ਼ੀਸ ਪ੍ਰੋਗਰਾਮ ਵਿਚ ਰਖਿਆ ਜਾਏਗਾ।

(2) ਜਿਹਨਾਂ ਪਰਿਵਾਰਾਂ ਨੇ ਪਰਿਵਾਰਕ ਲਾਗਤ ਦੀ ਹਿੱਸੇਦਾਰੀ ਹੇਠ ਹਿੱਸਾ C ਸ਼ੁਰੂਆਤੀ ਸਾਲਸੀ ਸੇਵਾਵਾਂ ਲਈ ਆਪਣੇ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ ਤੱਕ ਪਹੁੰਚ ਦੇਣ ਤੋਂ ਮਨ੍ਹਾ ਕੀਤਾ ਹੈ ਅਤੇ ਆਮਦਨ ਅਤੇ ਖ਼ਰਚੇ ਬਾਰੇ ਜਾਣਕਾਰੀ ਮੁਹਈਆ ਕਰਾਈ ਹੈ, ਤਾਂ ਪਰਿਵਾਰ ਦੇ ਅਕਾਰ ਅਤੇ ਤਾਲਮੇਲ ਬਿਠਾਈ ਗਈ ਸਲਾਨਾ ਆਮਦਨ ਦੇ ਅਧਾਰ ਤੇ ਉਸ ਨੂੰ ਮਹੀਨੇਵਾਰ ਫ਼ੀਸ ਪ੍ਰੋਗਰਾਮ ਵਿਚ ਰਖਿਆ ਜਾਏਗਾ।

(d) ਜਿਹਨਾਂ ਪਰਿਵਾਰਾਂ ਨੇ ਆਮਦਨ ਅਤੇ ਖ਼ਰਚੇ ਬਾਰੇ ਜਾਣਕਾਰੀ ਮੁਹਈਆ ਕਰਾਉਣ ਤੋਂ ਮਨ੍ਹਾ ਕਰ ਦਿੱਤਾ ਹੈ, ਤਾਂ ਉਸ ਨੂੰ ਪਰਿਵਾਰ ਦੇ ਅਕਾਰ ਦੇ ਅਧਾਰ ਤੇ ਸਭ ਤੋਂ ਉੱਚੇ ਪੱਧਰ ਤੇ ਮਹੀਨੇਵਾਰ ਫ਼ੀਸ ਪ੍ਰੋਗਰਾਮ ਵਿਚ ਰਖਿਆ ਜਾਏਗਾ।

### 14.C.7. ਬਕਾਇਆ ਭੁਗਤਾਨ

(a) ਆਮਦਨ ਅਤੇ ਖ਼ਰਚੇ ਦੀ ਪੁਸ਼ਟੀ ਬਾਰੇ ਫ਼ਾਰਮ ਵਿਚਲੀ ਜਾਣਕਾਰੀ ਦੇ ਅਧਾਰ ਤੇ, ਜੇ ਇਹ ਨਿਰਣਾ ਕੀਤਾ ਜਾਂਦਾ ਹੈ ਕਿ ਪਰਿਵਾਰ, ਪਰਿਵਾਰਕ ਲਾਗਤ ਦੀ ਹਿੱਸੇਦਾਰੀ ਹੇਠ ਆਪਣੇ ਸਹਿ-ਭੁਗਤਾਨਾਂ, ਸਹਿ-ਬੀਮੇ, ਕਟੌਤੀਆਂ ਜਾਂ ਸੇਵਾਵਾਂ ਲਈ ਫ਼ੀਸ ਦਾ ਭੁਗਤਾਨ ਕਰਨ ਦੇ ਸਮਰੱਥ ਹੈ, ਤਾਂ ਇਹ ਸੇਵਾਵਾਂ ਮਨ੍ਹਾ ਨਹੀਂ ਕੀਤੀਆਂ ਜਾ ਸਕਦੀਆਂ। ਇੰਜ ਇਕੱਠੇ ਹੋਏ ਭੁਗਤਾਨ ਵਾਲੇ ਬਿਲਾਂ ਦੇ 90 ਦਿਨਾਂ ਦੇ ਬਰਾਬਰ ਦੇ ਭੁਗਤਾਨ ਨਾ ਕੀਤੇ ਗਏ ਬਕਾਇਆਂ ਤੋਂ ਬਾਅਦ ਹੋ ਸਕਦਾ ਹੈ।

(b) ਪਰਿਵਾਰ, ਸੇਵਾ ਪ੍ਰੋਵਾਈਡਰਾਂ ਅਤੇ FRC ਨੂੰ ਪਹਿਲਾਂ ਤੋਂ ਲਿਖਤੀ ਨੋਟਿਸ ਮਿਲੇਗਾ ਕਿ ਪਰਿਵਾਰ ਅਤੇ ਸੇਵਾ ਦੇ ਰਹੀ ਏਜੰਸੀ ਵਿਚਕਾਰ ਭੁਗਤਾਨ ਦਾ ਪਲਾਨ ਤਿਆਰ ਹੋਣ ਤੱਕ FRC ਸੇਵਾਵਾਂ, ਮੁਲਾਂਕਣ, IFSP ਵਿਕਾਸ ਅਤੇ ਜਾਇਜ਼ੇ ਅਤੇ ਅਮਲ ਸਬੰਧੀ ਸੁਰੱਖਿਆ ਉਪਾਅ ਨੂੰ ਛੱਡਕੇ ਕੋਈ ਸੇਵਾਵਾਂ ਨਹੀਂ ਦਿੱਤੀਆਂ ਜਾਣਗੀਆਂ।

(c) ਭੁਗਤਾਨ ਦਾ ਪਲਾਨ ਤਿਆਰ ਹੁੰਦਿਆਂ ਅਤੇ ਪਰਿਵਾਰ ਅਤੇ ਸੇਵਾ ਦੇਣ ਵਾਲੀ ਏਜੰਸੀ ਵਲੋਂ ਸਹਿਮਤੀ ਦਿੰਦਿਆਂ ਸਾਰ ਹੀ, ਪਰਿਵਾਰ, FRC ਅਤੇ ਸੇਵਾ ਪ੍ਰੋਵਾਈਡਰਾਂ ਨੂੰ ਦੱਸਿਆ ਜਾਏਗਾ ਕਿ ਪਰਿਵਾਰਕ ਲਾਗਤ ਦੀ ਹਿੱਸੇਦਾਰੀ ਹੇਠ ਸੇਵਾਵਾਂ ਮੁੜ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ।

### 14.C.8. ਪਰਿਭਾਸ਼ਾਵਾਂ

ਇਹਨਾਂ ਸੇਧਾਂ ਦੇ ਉਦੇਸ਼ਾਂ ਲਈ ਹੇਠਾਂ ਦਿੱਤੀਆਂ ਪਰਿਭਾਸ਼ਾਵਾਂ ਲਾਗੂ ਹੁੰਦੀਆਂ ਹਨ:

(a) "ਮੰਜ਼ੂਰਸ਼ੁਦਾ ਖ਼ਰਚਿਆਂ" ਦਾ ਮਤਲਬ ਹੈ ਕਿ:

(1) ਪਰਿਵਾਰ ਵਲੋਂ ਬਾਲ ਸਹਾਇਤਾ/ਰਹਿਣ-ਸਹਿਣ ਦਾ ਭੁਗਤਾਨ ਤੀਜੀ ਧਿਰ ਨੂੰ ਕੀਤਾ ਜਾਂਦਾ ਹੈ;

(2) ਬਾਲ ਸੰਭਾਲ ਦੀਆਂ ਲਾਗਤਾਂ, ਪਰਿਵਾਰ ਵਲੋਂ ਭੁਗਤਾਨ ਕੀਤਾ ਜਾਂਦਾ ਹੈ, ਜਦੋਂ ਮਾਤਾ-ਪਿਤਾ ਕੰਮ ਤੇ ਜਾਂ ਸਕੂਲ ਜਾਂਦੇ ਹਨ; ਅਤੇ

(3) ਮੈਡੀਕਲ, ਪਰਚੀ ਤੇ ਲਿਖੀਆਂ ਹੋਈਆਂ ਦਵਾਈਆਂ ਅਤੇ ਦੰਦਾਂ ਸਬੰਧੀ ਖ਼ਰਚੇ ਵਾਪਸ ਨਹੀਂ ਕੀਤੇ ਜਾਣੇ, ਇਸ ਵਿਚ ਪਰਿਵਾਰ ਵਲੋਂ ਪ੍ਰੀਮੀਅਮਾਂ, ਸਹਿ-ਭੁਗਤਾਨਾਂ ਅਤੇ ਕਟੌਤੀਆਂ ਦਾ ਭੁਗਤਾਨ ਕੀਤਾ ਜਾਣਾ ਸ਼ਾਮਿਲ ਹੁੰਦਾ ਹੈ।

(b) "ਸਹਿ-ਬੀਮੇ" ਦਾ ਮਤਲਬ ਹੈ ਕਿ: ਸਿਹਤ ਸੰਭਾਲ ਕਵਰੇਜ ਲਈ ਮਾਤਾ-ਪਿਤਾ ਵਲੋਂ ਸਾਂਝੀ ਕੀਤੀ ਜਾਣ ਵਾਲੀ ਲਾਗਤ। ਉਦਾਹਰਣ ਲਈ, ਸਿਹਤ ਸੰਭਾਲ ਕਵਰੇਜ ਸੇਵਾ ਦੀ ਲਾਗਤ ਦਾ 80% ਅਤੇ ਮਾਤਾ-ਪਿਤਾ 20% ਦਾ ਭੁਗਤਾਨ ਕਰਦਾ ਹੈ।

(c) "ਸਹਿ-ਭੁਗਤਾਨ" ਦਾ ਮਤਲਬ ਹੈ ਕਿ: ਸਿਹਤ ਸੰਭਾਲ ਬੀਮਾ ਪਾਲਿਸੀ ਵਲੋਂ ਨਿਰਣਾ ਕੀਤੀ ਗਈ ਰਕਮ ਦਾ ਮਾਤਾ-ਪਿਤਾ ਵਿਸ਼ੇਸ਼ ਸੇਵਾ, ਉਪਕਰਣ ਜਾਂ ਸਪਲਾਈਆਂ ਲਈ ਆਪਣੇ ਸਿਹਤ ਸੰਭਾਲ ਪ੍ਰੋਵਾਈਡਰ ਨੂੰ ਭੁਗਤਾਨ

ਕਰਨ। ਸੇਵਾ ਦੇ ਪ੍ਰੋਵਾਈਡਰ ਜਾਂ ਸਪਲਾਈ ਲਈ ਸਿੱਧਿਆਂ ਕੀਤਾ ਗਿਆ ਭੁਗਤਾਨ।

(d) "ਕਟੌਤੀ" ਦਾ ਮਤਲਬ ਹੈ ਕਿ ਮਾਤਾ-ਪਿਤਾ ਨੇ ਮੈਡੀਕਲ/ਦੰਦਾਂ ਸਬੰਧੀ ਖ਼ਰਚਿਆਂ ਦੇ ਘੇਰੇ ਹੇਠ ਆਈ ਲਾਗਤ ਦਾ ਇੱਕ ਹਿੱਸਾ ਖ਼ਰਚ ਕੀਤਾ ਹੈ ਅਤੇ ਲਾਭ ਉਪਲਬਧ ਹੋਣ ਤੋਂ ਪਹਿਲਾਂ ਭੁਗਤਾਨ ਲਈ ਜ਼ਿੰਮੇਵਾਰ ਹਨ। ਸਹਿ-ਭੁਗਤਾਨ ਅਤੇ/ਜਾਂ ਸਹਿ-ਬੀਮੇ ਕਟੌਤੀਆਂ ਤੇ ਲਾਗੂ ਨਹੀ� ਹੁੰਦੇ।

(e) "ਪਰਿਵਾਰਕ ਲਾਗਤ ਦੀ ਹਿੱਸੇਦਾਰੀ ਹੇਠ ਸ਼ੁਰੂਆਤੀ ਸਾਲਸੀ ਸੇਵਾਵਾਂ" ਦਾ ਮਤਲਬ ਹੈ ਕਿ ਸਹਾਇਕ ਤਕਨਾਲੋਜੀ ਉਪਕਰਣ, ਸਹਾਇਕ ਤਕਨਾਲੋਜੀ, ਔਡੀਓਲੋਜੀ, ਸਲਾਹਕਾਰੀ, ਸਿਹਤ ਸੇਵਾਵਾਂ, ਨਰਸਿੰਗ ਸੇਵਾਵਾਂ, ਪੌਸ਼ਟਿਕਤਾ ਸੇਵਾਵਾਂ, ਔਕਿਉਪੇਸ਼ਨਲ ਥੈਰੇਪੀ, ਸਰੀਰਕ ਥਐਰੇਪੀ, ਮਨੋਵਿਗਿਆਨਕ ਸੇਵਾਵਾਂ, ਸੋਸ਼ਲ ਵਰਕ ਸੇਵਾਵਾਂ ਅਤ� ਬੋਲਚਾਲ-ਭਾਸ਼ਾ ਪੈਥੋਲੋਜੀ ਸੇਵਾਵਾਂ, ਜੋ ਕਿ IDEA ਦੇ ਸ਼ੁਰੂਆਤੀ ਸਾਲਸੀ ਸੈਕਸ਼ਨ ਹੇਠ
ਹਰ ਯੋਗ ਬੱਚੇ ਦੀਆਂ ਵਿਕਾਸ ਸਬੰਧੀ ਜ਼ਰੂਰਤਾਂ ਅਤੇ ਬੱਚੇ ਦੇ ਵਿਕਾਸ ਨੂੰ ਵਧਾਉਣ ਸਬੰਧੀ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਇਹ ਸੇਵਾਵਾਂ ਮਾਤਾ-ਪਿਤਾ ਦੇ ਸਹਿਯੋਗ ਨਾਲ ਚੁਣੀਆਂ ਗਈਆਂ ਹਨ। ਇਹ ਸੇਵਾਵਾਂ ਵਾੱਸ਼ਿੰਗਟਨ ਸਟੇਟ ਦੀ "ਯੋਗਤਾਪ੍ਰਾਪਤ" ਦੀ ਪਰਿਭਾਸ਼ਾ ਹੇਠ ਯੋਗਤਾਪ੍ਰਾਪਤ ਅਮਲੇ ਵਲੋਂ ਸਰਕਾਰੀ ਨਿਗਰਾਨੀ ਹੇਠ ਅਤੇ ਵਿਅਕਤੀਗਤ ਪਰਿਵਾਰਕ ਸੇਵਾ ਪਲਾਨ (IFSP) ਦੀ ਸਹਿਮਤੀ ਨਾਲ ਮੁਹਈਆ ਕਰਾਈਆਂ ਜਾਂਦੀਆਂ ਹਨ।

(f) "ਸ਼ੁਰੂਆਤੀ ਸਾਲਸੀ ਸੇਵਾਵਾਂ ਬਾਰੇ ਕੌਂਟਰੈਕਟਰ (ਸਥਾਨਕ ਆਗੂ ਏਜੰਸੀ)" ਦਾ ਮਤਲਬ ਹੈ ਕਿ ਸ਼ੁਰੂਆਤੀ ਸਿੱਖਿਆ ਬਾਰੇ ਮਹਿਕਮੇ (DEL), ਬਹੁਤ ਛੋਟੇ ਬੱਚਿਆਂ ਅਤੇ ਛੋਟੇ ਬੱਚਿਆਂ ਲਈ ਸ਼ੁਰੂਆਤੀ ਸਹਾਇਤਾ (ESIT) ਨਾਲ ਸ਼ੁਰੂਆਤੀ ਸਾਲਸੀ ਸੇਵਾਵਾਂ ਸਬੰਧੀ ਇਕਰਾਰਨਾਮੇ ਵਾਲੀ ਸਥਾਨਕ ਤੌਰ ਤੇ ਨਿਯੁਕਤ ਕੀਤੀ ਗਈ ਏਜੰਸੀ ਜਾਂ ਜੱਥੇਬੰਦੀ ਭਰੋਸਾ ਦਿੰਦੀ ਹੈ ਕਿ ਇਹ ਸੇਵਾਵਾਂ ਮੰਜ਼ੂਰਸ਼ੁਦਾ ਵਾੱਸ਼ਿੰਗਟਨ ਸਟੇਟ ਗ੍ਰਾਂਟ ਦੀ ਵਰਤੋਂ ਅਨੁਸਾਰ ਦਿੱਤੀਆਂ ਜਾਂਦੀਆਂ ਹਨ।

(g) "ਸ਼ੁਰੂਆਤੀ ਸਾਲਸੀ ਸੇਵਾਵਾਂ ਬਾਰੇ ਪ੍ਰੋਵਾਈਡਰ" ਦਾ ਮਤਲਬ ਹੈ ਕਿ ਸਥਾਨਕ ਸਰਕਾਰੀ ਜਾਂ ਪ੍ਰਾਈਵੇਟ ਸੇਵਾ ਪ੍ਰੋਵਾਈਡਰ ਜਾਂ ਏਜੰਸੀ, ਜੋ IDEA, ਹਿੱਸਾ C, ਸ਼ੁਰੂਆਤੀ ਸਾਲਸੀ ਸੇਵਾਵਾਂ ਮੁਹਈਆ ਕਰ ਰਹੀ ਹੈ।

(h) "ਪਰਿਵਾਰਕ ਲਾਗਤ ਦੀ ਹਿੱਸੇਦਾਰੀ" ਦਾ ਮਤਲਬ ਹੈ ਕਿ ਆਪਣੇ ਬੱਚੇ ਦੀਆਂ ਸੇਵਾਵਾਂ ਲਈ ਪਰਿਵਾਰ ਮਾਲੀ ਹਿੱਸਾ ਪਾਉਂਦੇ ਹਨ, ਇੰਜ ਉਹ ਇਹਨਾਂ ਵਿਚੋਂ ਇੱਕ ਵਿਚ ਪਹੁੰਚ ਦੇਕੇ ਕਰਦੇ ਹਨ (1) ਪਰਿਵਾਰ ਦਾ ਪ੍ਰਾਈਵੇਟ ਸਿਹਤ ਸੰਭਾਲ/ਬੀਮਾ ਅਤੇ/ਜਾਂ (2) ਬੱਚਿਆਂ ਲਈ Apple Health/Medicaid ਜਾਂ (3) ਫ਼ੀਸਾਂ, ਜੋ ਕਿ IDEA, ਹਿੱਸਾ C ਸ਼ੁਰੂਆਤੀ ਸਾਲਸੀ ਸੇਵਾਵਾਂ ਹਨ, ਜੋ ਪਰਿਵਾਰਕ ਲਾਗਤ ਬਾਰੇ ਹਿੱਸੇਦਾਰੀ ਹੇਠ ਹਨ।

(i) "ਪਰਿਵਾਰਕ ਵਸੀਲਿਆਂ ਬਾਰੇ ਕੋਔਰਡੀਨੇਟਰ (FRC)" ਦਾ ਮਤਲਬ ਹੈ, ਇੱਕ ਵਿਅਕਤੀ, ਜੋ ਸ਼ੁਰੂਆਤੀ ਸਾਲਸੀ ਸੇਵਾਵਾਂ ਅਤੇ ਵਿਅਕਤੀਗਤ ਪਰਿਵਾਰਕ ਸੇਵਾ ਪਲਾਨ (IFSP) ਵਿਚ ਸ਼ਨਾਖ਼ਤ ਕੀਤੇ ਗਏ ਹੋਰ ਸ੍ਰੋਤਾਂ ਤੱਕ ਪਹੁੰਚ ਕਰਨ ਲਈ ਯੋਗ ਬੱਚੇ ਅਤੇ ਉਸਦੇ ਪਰਿਵਾਰ ਦੀ ਮਦਦ ਕਰਦਾ ਹੈ ਅਤੇ ਹੱਕ ਅਤੇ ਸ਼ੁਰੂਆਤੀ ਸਾਲਸੀ ਪ੍ਰੋਗਰਾਮ ਦੇ ਅਮਲ ਸਬੰਧੀ ਸੁਰੱਖਿਆ ਉਪਾਅ ਪ੍ਰਾਪਤ ਕਰਦਾ ਹੈ।

(j) "ਵੱਡੀ ਕਟੌਤੀ/ਤਬਾਹਕਾਰੀ ਸੰਭਾਲ ਸਬੰਧੀ ਵੱਡੀ ਮੈਡੀਕਲ ਕਵਰੇਜ" ਦਾ ਮਤਲਬ ਹੈ ਸਲਾਨਾ $5,000 ਜਾਂ ਵੱਧ ਦੀ ਕਟੌਤੀ ਵਾਲਾ ਬੀਮਾ ਅਤੇ ਇਸ ਲਈ ਸ਼ੁਰੂਆਤੀ ਸਾਲਸੀ ਦੀ ਬਿਲਿੰਗ ਦੇ ਉਦੇਸ਼ਾਂ ਲਈ ਗ਼ੈਰ-ਪ੍ਰਮਾਣਕ ਬੀਮੇ ਬਾਰੇ

ਵਿਚਾਰਿਆ ਜਾਂਦਾ ਹੈ।

(k) "ਵਿਅਕਤੀਗਤ ਪਰਿਵਾਰਕ ਸੇਵਾ ਪਲਾਨ (IFSP)" ਦਾ ਮਤਲਬ ਹੈ, IDEA ਦੇ ਸ਼ੁਰੂਆਤੀ ਸਾਲਸੀ ਸੈਕਸ਼ਨ ਹੇਠ ਯੋਗ ਬੱਚੇ ਅਤੇ ਬੱਚੇ ਦੇ ਪਰਿਵਾਰ ਨੂੰ ਸ਼ੁਰੂਆਤੀ ਸਾਲਸੀ ਸੇਵਾਵਾਂ ਮੁਹਈਆ ਕਰਾਉਣ ਲਈ ਲਿਖਤੀ ਪਲਾਨ। ਪਲਾਨ:

(1) ਪਰਿਵਾਰ ਅਤੇ ਸ਼ੁਰੂਆਤੀ ਸਾਲਸੀ ਸੇਵਾਵਾਂ ਦੇ ਪ੍ਰਬੰਧ ਵਿਚ ਸ਼ਾਮਿਲ ਢੁਕਵੇਂ ਯੋਗਤਾਪ੍ਰਾਪਤ ਅਮਲੇ ਵਲੋਂ ਸਾਂਝੇ ਤੌਰ ਤੇ ਤਿਆਰ ਕੀਤਾ ਜਾਣਾ ਚਾਹੀਦਾ ਹੈ;

(2) ਬੱਚੇ ਦੇ ਬਹੁ-ਅਨੁਸ਼ਾਸਨੀ ਅੰਦਾਜ਼ੇ ਅਤੇ ਮੁਲਾਂਕਣ ਤੇ ਅਧਾਰਤ ਹੋਣਾ ਚਾਹੀਦਾ ਹੈ;

(3) ਇਸ ਵਿਚ ਮਾਤਾ-ਪਿਤਾ ਦੀ ਆਗਿਆ, ਪਰਿਵਾਰ ਦੇ ਵਸੀਲਿਆਂ ਦੀ ਸਟੇਟਮੈਂਟ, ਤਰਜੀਹਾਂ ਅਤੇ ਬੱਚੇ ਦੇ ਵਿਕਾਸ ਵਿਚ ਵਾਧਾ ਕਰਨ ਸਬੰਧੀ ਚਿੰਤਾਵਾਂ ਸ਼ਾਮਿਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ; ਅਤੇ

(4) ਆਪਣੇ ਬੱਚੇ ਦੀਆਂ ਵਿਲੱਖਣ ਜ਼ਰੂਰਤਾਂ ਪੂਰੀਆਂ ਕਰਨ ਲਈ ਪਰਿਵਾਰ ਦੀ ਸਮਰੱਥਾ ਵਧਾਉਣ ਵਾਸਤੇ ਲੋੜੀਂਦੀਆਂ ਸ਼ੁਰੂਆਤੀ ਸਾਲਸੀ ਸੇਵਾਵਾਂ ਦਾ ਵਿਸ਼ੇਸ਼ ਕਥਨ ਸ਼ਾਮਿਲ ਕਰਨਾ ਚਾਹੀਦਾ ਹੈ।

(l) "IFSP ਸ਼ੁਰੂਆਤੀ ਸਾਲਸੀ ਸੇਵਾਵਾਂ" ਦਾ ਮਤਲਬ ਹੈ, ਬਹੁਤ ਛੋਟੇ ਬੱਚੇ ਜਾਂ ਛੋਟੇ ਬੱਚੇ ਦੇ IFSP ਵਿਚ ਦੱਸੀਆਂ ਗਈਆਂ ਸ਼ੁਰੂਆਤੀ ਸਾਲਸੀ ਸੇਵਾਵਾਂ।

(m) "ਮਾਤਾ-ਪਿਤਾ" ਦਾ ਮਤਲਬ ਹੈ:

(1) ਬੱਚੇ ਦੇ ਕੁਦਰਤੀ ਜਾਂ ਗੋਦ ਲੈਣ ਵਾਲੇ ਮਾਤਾ-ਪਿਤਾ;

(2) ਲੇਪਾਲਕ ਮਾਤਾ-ਪਿਤਾ, ਜਦ ਤੱਕ ਕਿ ਮਾਤਾ-ਪਿਤਾ ਵਜੋਂ ਕੰਮ ਕਰਨ ਵਾਲੇ ਲੇਪਾਲਕ ਮਾਤਾ-ਪਿਤਾ ਨੂੰ ਸਟੇਟ ਦੇ ਕਾਨੂੰਨ, ਨੇਮਾਂ ਜਾਂ ਸਟੇਟ ਜਾਂ ਸਥਾਨਕ ਏਜੰਸੀ ਨਾਲ ਇਕਰਾਰਨਾਮੇ ਸਬੰਧੀ ਜ਼ਿੰਮੇਵਾਰੀਆਂ ਤੋਂ ਮਨ੍ਹਾ ਨਹੀਂ ਕਰਦਾ;

(3) ਸਰਪ੍ਰਸਤ ਨੂੰ ਆਮ ਤੌਰ ਤੇ ਬੱਚੇ ਦੇ ਮਾਤਾ-ਪਿਤਾ ਵਜੋਂ ਕੰਮ ਕਰਨ ਦਾ ਅਖ਼ਤਿਆਰ ਦਿੱਤਾ ਜਾਂਦਾ ਹੈ ਜਾਂ ਬੱਚੇ (ਪਰ ਸਟੇਟ ਨਹੀਂ, ਜੇ ਬੱਚਾ ਸਟੇਟ ਦਾ ਬਾਸ਼ਿੰਦਾ ਹੈ)ਲਈ ਸ਼ੁਰੂਆਤੀ ਸਾਲਸੀ, ਵਿਦਿਅਕ, ਸਿਹਤ ਜਾਂ ਵਿਕਾਸ ਸਬੰਧੀ ਨਿਰਣੇ ਲੈਣ ਦਾ ਅਖ਼ਤਿਆਰ ਦਿੱਤਾ ਜਾਂਦਾ ਹੈ;

(4) ਇੱਕ ਵਿਅਕਤੀ, ਜਿਸ ਨਾਲ ਬੱਚਾ ਰਹਿੰਦਾ ਹੈ, ਲਈ ਕੁਦਤੀ ਜਾਂ ਗੋਦ ਲੈਣ ਵਾਲੇ ਮਾਤਾ-ਪਿਤਾ (ਇਹਨਾਂ ਵਿਚ ਦਾਦਾ-ਦਾਦਾ/ਨਾਨਾ-ਨਾਨੀ, ਮਤਰੇਏ ਮਾਤਾ-ਪਿਤਾ ਜਾਂ ਹੋਰ ਰਿਸ਼ਤੇਦਾਰ ਸ਼ਾਮਿਲ ਹੁੰਦੇ ਹਨ) ਵਜੋਂ ਕੰਮ ਕਰਦਾ ਹੈ ਜਾਂ ਜੋ ਬੱਚੇ ਦੀ ਭਲਾਈ ਲਈ ਕਾਨੂੰਨੀ ਤੌਰ ਤੇ ਜ਼ਿੰਮੇਵਾਰ ਹੈ; ਜਾਂ

(5) ਸਰੋਗੇਟ ਮਾਤਾ-ਪਿਤਾ, ਜਿਹਨਾਂ ਨੂੰ 34 CFR §303.422 ਜਾਂ ਕਾਨੂੰਨ ਦੇ ਸੈਕਸ਼ਨ 639(a)(5) ਅਨੁਸਾਰ ਨਿਯੁਕਤ ਕੀਤਾ ਗਿਆ ਹੈ।

(n) "ਸਰਕਾਰੀ ਜਾਂ ਪ੍ਰਾਈਵੇਟ ਸਿਹਤ ਸੰਭਾਲ ਕਵਰੇਜ/ਬੀਮੇ" ਦਾ ਮਤਲਬ ਹੈ:

(1) "ਪ੍ਰਾਈਵੇਟਬੀਮਾ" – ਬੱਚੇ ਅਤੇ/ਜਾਂ ਪਰਿਵਾਰ ਲਈ ਸਿਹਤ ਸੰਭਾਲ ਸੇਵਾਵਾਂ ਦੀ ਲਾਗਤ ਦੀ ਤੀਜੀ ਧਿਰ

ਦੀ ਕਵਰੇਜ। ਇਸ ਵਿਚ ਰੋਜ਼ਗਾਰ ਸਬੰਧੀ ਅਤੇ ਨਿਜੀ ਤੌਰ ਤੇ ਖ਼ਰੀਦਿਆ ਗਿਆ ਬੀਮਾ, ਮੈਡੀਕਲ ਦੇ ਬੱਚਤ ਖਾਤੇ ਅਤੇ ਸਿਹਤ ਸਬੰਧੀ ਬੱਚਤ ਖਾਤੇ ਸ਼ਾਮਿਲ ਹੁੰਦੇ ਹਨ।

(2) "ਟ੍ਰਾਈਕੇਅਰ/ਟ੍ਰਾਈਵੈਸਟ" – ਫ਼ੌਜੀ ਅਮਲੇ ਅਤੇ ਉਹਨਾਂ ਦੇ ਪਰਿਵਾਰਾਂ ਲਈ ਸਿਹਤ ਲਾਭ ਪ੍ਰੋਗਰਾਮ।

(3) "ਸਰਕਾਰੀਬੀਮਾ" – ਬੱਚੇ ਲਈ ਸਰਕਾਰੀ ਰਕਮਾਂ ਵਾਲੇ ਪ੍ਰੋਗਰਾਮ (ਸਟੇਟ ਅਤੇ/ਜਾਂ ਫ਼ੈਡਰਲ), ਜੋ ਸਿਹਤ ਸੰਭਾਲ ਸੇਵਾਵਾਂ ਲਈ ਭੁਗਤਾਨ ਕਰਦੇ ਹਨ। ਇਸ ਵਿਚ ਸਾਰੇ Apple Health ਪ੍ਰੋਗਰਾਮ ਸ਼ਾਮਿਲ ਹੁੰਦੇ ਹਨ, ਇਹਨਾਂ ਵਿਚ Basic Health Plus, Medicaid, Medicaid Healthy ਵਿਕਲਪ ਅਤੇ ਬੱਚਿਆਂ ਦਾ ਸਿਹਤ ਬੀਮਾ ਪ੍ਰੋਗਰਾਮ ਸ਼ਾਮਿਲ ਹੁੰਦਾ ਹੈ।

(o) "ਸਟੇਟ ਦੀ ਆਗੂ ਏਜੰਸੀ (SLA)" ਦਾ ਮਤਲਬ ਹੈ, ਸ਼ੁਰੂਆਤੀ ਸਿੱਖਿਆ ਬਾਰੇ ਮਹਿਕਮਾ।

(p) "ਕੁਲ ਸਲਾਨਾ ਆਮਦਨ" ਦਾ ਮਤਲਬ ਹੈ:

(1) ਨੌਕਰੀ ਅਤੇ/ਜਾਂ ਹੋਰ ਵਸੀਲਿਆਂ ਤੋਂ ਸਲਾਨਾ ਆਮਦਨ, ਇਸ ਵਿਚ ਇਹ ਸ਼ਾਮਿਲ ਹੁੰਦੇ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ: ਸਰਕਾਰੀ ਸਹਾਇਤਾ ਗ੍ਰਾਂਟ, ਬੇਰੋਜ਼ਗਾਰੀ ਦਾ ਮੁਆਵਜ਼ਾ, ਅਸਮਰੱਥਾ (ਅਪੰਗਤਾ) ਆਮਦਨ, ਪ੍ਰਾਪਤ ਕੀਤੀ ਗਈ ਬਾਲ ਸਹਾਇਤਾ/ਰਹਿਣ ਸਹਿਣ, ਹੇਠਾਂ ਦਿੱਤਿਆਂ ਵਿਚੋਂ ਸ਼ਨਾਖ਼ਤ ਕੀਤੀ ਗਈ ਇੱਕ ਹੋਰ ਆਮਦਨ:

(i) ਸਭ ਤੋਂ ਹਾਲੀਆਂ ਫ਼ੈਡਰਲ ਆਮਦਨ ਟੈਕਸ ਰਿਟਰਨ *(ਫ਼ਾਰਮ 1040=ਲਾਈਨ 22; 1040A=ਲਾਈਨ 15; 1040EZ=ਲਾਈਨ 4)*;

(ii) ਸਭ ਤੋਂ ਹਾਲੀਆ W2(s) ਅਤੇ/ਜਾਂ 1099(s) *(ਫ਼ਾਰਮ W2=ਲਾਈਨ 1; 1099=ਕੁਲ ਲਾਈਨਾਂ 1, 2 ਅਤੇ 3)*

(iii) ਪਿਛਲੀਆਂ ਲਗਾਤਾਰ ਦੋ (2) ਤਨਖਾਹਾਂ ਦੀਆਂ ਸਲਿੱਪਾਂ; ਜਾਂ

(iv) ਤਨਖਾਹ ਜਾਂ ਉਜਰਤਾਂ ਦਾ ਲਿਖਤੀ ਕਥਨ (ਇਸ ਵਿਚ ਕੰਪਨੀ/ਨੌਕਰੀਦਾਤਾ ਦਾ ਨਾਂ, ਪਤਾ, ਫੋਨ ਨੰਬਰ ਅਤੇ ਸੁਪਰਵਾਈਜ਼ਰ/ਮਨੁੱਖੀ ਸ੍ਰੋਤ ਦੇ ਸਟਾਫ਼ ਦੇ ਦਸਤਖ਼ਤ ਜ਼ਰੂਰ ਹੋਣੇ ਚਾਹੀਦੇ ਹਨ)

(2) ਬਾਵਰਦੀ ਸੇਵਾਵਾਂ ਦੇ ਮੈਂਬਰਾਂ ਲਈ, ਇਸ ਵਿਚ ਹੇਠਾਂ ਦਿੱਤਿਆਂ ਦੀ ਛੁੱਟੀ ਅਤੇ ਕਮਾਈਆਂ ਦੀ ਸਟੇਟਮੈਂਟ ਬਾਰੇ ਕੁਲ ਦਰਸਾਇਆ ਜਾਣਾ ਸ਼ਾਮਿਲ ਹੋਣਾ ਚਾਹੀਦਾ ਹੈ:

(i) ਮੂਲ ਤਨਖਾਹ (ਕਮਾਈ ਗਈ ਆਮਦਨ); ਅਤੇ

(ii) ਭੱਤੇ (ਅਣਕਮਾਈ ਆਮਦਨ)

(iii) ਦੁਸ਼ਮਣਾਂ ਵਲੋਂ ਲਾਈ ਗਈ ਅੱਗ ਸਬੰਧੀ ਤਨਖਾਹ, ਅਟੱਲ ਖ਼ਤਰੇ ਸਬੰਧੀ ਤਨਖਾਹ ਜਾਂ ਮੁਫ਼ਤ ਜਾਂ ਬੇਸਿਕ ਹਾਉਸਿੰਗ ਭੱਤੇ, ਜੇ ਭੱਤੇ ਦਾ ਭੁਗਤਾਨ ਕੀਤਾ ਗਿਆ ਹੈ ਅਤੇ ਤਨਖਾਹ ਦੀ ਉਸੀ ਮਿਆਦ ਦੌਰਾਨ ਕੱਟ ਲਿਆ ਗਿਆ ਹੈ, ਤਾਂ ਇਸ ਨੂੰ ਸ਼ਾਮਿਲ ਨਹੀਂ ਕਰਨਾ ਚਾਹੀਦਾ।